# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date-28.03.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | March-2024 | Published in Canada | Pages 8


## ਕੈਨੇਡੀਅਨ ਲੋਕਾਂ ਨੂੰ ਸਰਕਾਰ ਦਾ ਵੱਡਾ ਝਟਕਾ, ਮੀਂਹ ਦੇ ਪਾਣੀ 'ਤੇ ਵੀ ਲਗਾਇਆ ਟੈਕਸ



ਕੈਨੇਡਾ ਸਰਕਾਰ ਨੇ ਨਾਗਰਿਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਅਕਸਰ ਨਾਗਰਿਕ ਲਗਾਤਾਰ ਉਨ੍ਹਾਂ ਚੀਜ਼ਾਂ 'ਤੇ ਟੈਕਸ ਅਦਾ ਕਰਦੇ ਹਨ ਜੋ ਉਹ ਖਰੀਦਦੇ ਹਨ ਜਾਂ ਵਰਤਦੇ ਹਨ। ਇਸ ਵਿੱਚ ਛੋਟੇ ਤੋਂ ਵੱਡੇ ਉਤਪਾਦ ਅਤੇ ਜਨਤਕ ਜਾਇਦਾਦ ਵੀ ਸ਼ਾਮਲ ਹੈ। ਪਰ ਕੀ ਤੁਸੀਂ ਕਦੇ ਮੀਂਹ ਦੇ ਟੈਕਸ ਬਾਰੇ ਸੁਣਿਆ ਹੈ? ਅਜਿਹਾ ਹੀ ਇੱਕ ਟੈਕਸ ਕੈਨੇਡਾ ਦੇ ਟੋਰਾਂਟੋ ਵਿੱਚ ਵੀ ਲਾਗੂ ਹੋਣ ਜਾ ਰਿਹਾ ਹੈ। ਉੱਥੇ ਹੀ ਸਰਕਾਰੀ ਵੈੱਬਸਾਈਟ 'ਤੇ ਇਸ ਦਾ ਐਲਾਨ ਕੀਤਾ ਗਿਆ ਹੈ।ਟੋਰਾਂਟੋ ਸਮੇਤ ਲਗਭਗ ਸਾਰੇ ਕੈਨੇਡਾ ਵਿੱਚ ਸਟੋਰਮ ਵਾਟਰ ਪ੍ਰਬੰਧਨ ਇੱਕ ਵੱਡੀ ਸਮੱਸਿਆ ਰਹੀ ਹੈ। ਪਿਛਲੀ ਬਾਰਿਸ਼ 'ਚ ਦੇਸ਼ ਦੀ ਰਾਜਧਾਨੀ ਓਟਾਵਾ ਦੀਆਂ ਸੜਕਾਂ ਪਾਣੀ ਨਾਲ ਭਰ ਗਈਆਂ। ਲੋਕਾਂ ਦਾ ਜ਼ਰੂਰੀ ਕੰਮ ਲਈ ਆਉਣਾ ਜਾਣਾ ਵੀ ਔਖਾ ਹੋ ਗਿਆ। ਕੈਨੇਡਾ ਵਿੱਚ ਅਜਿਹੀਆਂ ਸਮੱਸਿਆਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਇਸ ਨੂੰ ਸੰਭਾਲਣ ਲਈ ਉਥੇ ਸਟ੍ਰੌਮ ਡ੍ਰੇਨੇਜ ਬਣਾਇਆ ਗਿਆ ਹੈ। ਇਹ ਇੱਕ ਖਾਸ ਕਿਸਮ ਦਾ ਸਿਸਟਮ ਹੁੰਦਾ ਹੈ, ਜਿਸ ਰਾਹੀਂ ਵਾਧੂ ਪਾਣੀ, ਜੋ ਕਿ ਮਿੱਟੀ ਜਾਂ ਰੁੱਖਾਂ ਅਤੇ ਪੌਦਿਆਂ ਦੁਆਰਾ ਸੋਖਿਆ ਨਹੀਂ ਜਾਂਦਾ, ਬਾਹਰ ਨਿਕਲਦਾ ਹੈ। ਇਹ ਤਰੀਕਾ ਸਾਰੇ ਦੇਸ਼ਾਂ ਵਿੱਚ ਅਪਣਾਇਆ ਜਾਂਦਾ ਹੈ। ਦਰਅਸਲ, ਸੜਕਾਂ, ਫੁੱਟਪਾਥ, ਕਾਰ ਪਾਰਕਿੰਗ, ਘਰਾਂ ਆਦਿ ਵਰਗੇ ਪੱਕੇ ਖੇਤਰਾਂ 'ਤੇ ਕੰਕਰੀਟ ਹੋਣ ਕਾਰਨ ਪਾਣੀ ਓਨੀ ਤੇਜ਼ੀ ਨਾਲ ਸੁੱਕਦਾ ਨਹੀਂ ਹੈ। ਇਹ ਓਵਰਫਲੋਅ ਹੋ ਕੇ ਸੜਕਾਂ 'ਤੇ ਵਹਿਣਾ ਸ਼ੁਰੂ ਕਰ ਦਿੰਦਾ ਹੈ ਜਾਂ ਨਾਲੀਆਂ ਨੂੰ ਰੋਕਦਾ ਹੈ।

ਕੈਨੇਡਾ ਵਿੱਚ ਇਹ ਸਮੱਸਿਆ ਇਸ ਲਈ ਹੋਰ ਵੀ ਜ਼ਿਆਦਾ ਹੈ ਕਿਉਂਕਿ ਇੱਥੇ ਸਿਰਫ਼ ਮੀਂਹ ਹੀ ਨਹੀਂ ਸਗੋਂ ਭਾਰੀ ਬਰਫ਼ਬਾਰੀ ਵੀ ਹੁੰਦੀ ਹੈ। ਇਹ ਬਰਫ਼ ਵੀ ਵਹਾਅ ਪੈਦਾ ਕਰਦੀ ਹੈ। ਇੱਥੇ ਅਸੀਂ ਤੁਹਾਨੂੰ ਦੱਸ ਦੇਈਏ ਕਿ ਰਨ-ਆਫ ਉਦੋਂ ਦਿਖਾਈ ਦਿੰਦਾ ਹੈ ਜਦੋਂ ਜ਼ਮੀਨ ਨੂੰ ਸੋਖਣ ਤੋਂ ਵੱਧ ਮੀਂਹ ਪੈਂਦਾ ਹੈ। ਇਸ ਨਾਲ ਨਾ ਸਿਰਫ਼ ਟੋਰਾਂਟੋ ਵਿੱਚ ਹੜ੍ਹ ਆ ਜਾਂਦੇ ਹਨ, ਸਗੋਂ ਜਿਵੇਂ-ਜਿਵੇਂ ਪਾਣੀ ਡਰੇਨਾਂ ਰਾਹੀਂ ਘਰਾਂ ਵਿੱਚ ਪੁੱਜਣਾ ਸ਼ੁਰੂ ਹੁੰਦਾ ਹੈ, ਉੱਥੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਵੀ ਖ਼ਰਾਬ ਹੋਣ ਲੱਗਦੀ ਹੈ।

## ਕੈਨੇਡਾ 'ਚ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼, 3 ਪੰਜਾਬੀ ਕਾਬੂ ਤੇ ਇਕ ਫਰਾਰ



ਕੈਨੇਡਾ ਵਿਚ ਐਡਮਿੰਟਨ ਪੁਲਸ ਨੇ ਤਿੰਨ ਪੰਜਾਬੀਆਂ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ ਜਦਕਿ ਚੌਥੇ ਦੀ ਭਾਲ ਕੀਤੀ ਜਾ ਰਹੀ ਹੈ। ਐਡਮਿੰਟਨ ਪੁਲਸ ਨੇ ਦੱਸਿਆ ਕਿ ਤਕਰੀਬਨ ਢਾਈ ਲੱਖ ਡਾਲਰ ਦਾ ਨਸ਼ਾ ਬਰਾਮਦ ਕਰਦਿਆਂ 22 ਸਾਲ ਦੇ ਹਰਸ਼ਦੀਪ ਸਿੰਘ ਸੋਹਲ, 20 ਸਾਲ ਦੇ ਪ੍ਰਭਜੋਤ ਸਿੰਘ ਅਟਵਾਲ ਅਤੇ 20 ਸਾਲ ਦੇ ਹਰਮਨ ਸੰਧੂ ਵਿਰੁੱਧ ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ ਜਦਕਿ 36 ਸਾਲ ਦਾ ਜੌਹਨਪ੍ਰੀਤ ਸਿੰਘ ਕੰਗ ਫਰਾਰ ਹੈ।ਪੁਲਸ ਮੁਤਾਬਕ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਨਵੰਬਰ 2023 ਵਿਚ ਪੜਤਾਲ ਆਰੰਭੀ ਗਈ। ਇਸ ਦੌਰਾਨ ਸ਼ੱਕੀਆਂ ਦੀ ਪਛਾਣ ਕਰਦਿਆਂ ਕਈ ਰਿਹਾਇਸ਼ੀ ਟਿਕਾਣਿਆਂ ’ਤੇ ਛਾਪੇ ਮਾਰੇ ਗਏ। ਜਾਂਚਕਰਤਾਵਾਂ ਨੇ 1 ਲੱਖ 76 ਹਜ਼ਾਰ ਡਾਲਰ ਮੁੱਲ ਦੀ ਦੋ ਕਿਲੋ ਤੋਂ ਵੱਧ ਕੋਕੀਨ, 27,500 ਡਾਲਰ ਮੁੱਲ ਦੀ 450 ਗ੍ਰਾਮ ਮੇਥਮਫੈਟਾਮਿਨ ਅਤੇ 13 ਹਜ਼ਾਰ ਡਾਲਰ ਮੁੱਲ ਦੀ 85 ਗ੍ਰਾਮ ਫੈਂਟਾਨਿਲ ਤੋਂ ਇਲਾਵਾ ਸਾਢੇ ਪੰਜ ਹਜ਼ਾਰ ਡਾਲਰ ਮੁੱਲ ਦੀ 65 ਗ੍ਰਾਮ ਕਰੈਕ ਕੋਕੀਨ ਅਤੇ ਇਕ ਹਜ਼ਾਰ ਤੋਂ ਵੱਧ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਅੰਦਾਜ਼ਨ ਕੀਮਤ ਪੰਜ ਹਜ਼ਾਰ ਡਾਲਰ ਬਣਦੀ ਹੈ। ਐਡਮਿੰਟਨ ਪੁਲਸ ਦੀ ਸਾਊਥ ਵੈਸਟ ਬ੍ਰਾਂਚ ਦੀ ਸਪੈਸ਼ਲ ਪ੍ਰੌਜੈਕਟ ਟੀਮ ਦੇ ਸਾਰਜੈਂਟ ਇਆਨ ਵਿਕਰ ਨੇ ਕਿਹਾ ਕਿ ਨਸ਼ਾ ਤਸਕਰੀ ਦਾ ਸਾਡੀ ਕਮਿਊਨਿਟੀ ’ਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਨਸ਼ਾ ਵੇਚਣ ਵਾਲੇ ਪੂਰੇ ਸ਼ਹਿਰ ਦਾ ਗੇੜਾ ਲਾਉਂਦੇ ਹਨ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਹ ਚੀਜ਼ਾਂ ਵੇਚੀਆਂ ਜਾਂਦੀਆਂ ਹਨ।

## PM ਟਰੂਡੋ ਦਾ ਤਾਜਾ ਬਿਆਨ, ਭਾਰਤ ਨਾਲ ਜਾਂਚ 'ਚ ਕੰਮ ਕਰਨ ਦੀ ਜਤਾਈ ਇੱਛਾ



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਵਾਰ ਫਿਰ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਨੂੰ ਲੈ ਕੇ ਬਿਆਨ ਦਿੱਤਾ ਹੈ ਪਰ ਇਸ ਵਾਰ ਉਨ੍ਹਾਂ ਦਾ ਸੁਰ ਬਦਲਿਆ ਨਜ਼ਰ ਆ ਰਿਹਾ ਹੈ। ਉਸਨੇ ਮਾਮਲੇ ਦੀ ਜਾਂਚ ਲਈ ਭਾਰਤ ਨਾਲ ਰਚਨਾਤਮਕ ਢੰਗ ਨਾਲ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ। ਕੈਨੇਡੀਅਨ ਨਿਊਜ਼ ਚੈਨਲ ਸੀਏਪੀਸੀ ਦੇ ਮੁਤਾਬਕ ਜਦੋਂ ਨਿੱਝਰ ਦੇ ਕਤਲ ਦੀ ਜਾਂਚ ਬਾਰੇ ਸਵਾਲ ਕੀਤਾ ਗਿਆ ਤਾਂ ਟਰੂਡੋ ਨੇ ਲੰਮਾ ਵਿਰਾਮ ਲਿਆ ਅਤੇ ਕਿਹਾ ਕਿ ਉਹ ਮਾਮਲੇ ਦੀ ਤਹਿ ਤੱਕ ਜਾਣ ਲਈ ਭਾਰਤ ਸਰਕਾਰ ਨਾਲ ਰਚਨਾਤਮਕ ਢੰਗ ਨਾਲ ਕੰਮ ਕਰਨਾ ਚਾਹੁੰਦੇ ਹਨ। ਰਿਪੋਰਟ ਮੁਤਾਬਕ ਟਰੂਡੋ ਨੂੰ ਪੁੱਛਿਆ ਗਿਆ ਸੀ "ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਭਾਰਤ ਕਿਵੇਂ ਸਹਿਯੋਗ ਕਰ ਰਿਹਾ ਹੈ, ਜਦੋਂਕਿ ਕੈਨੇਡਾ ਦਾ ਕਹਿਣਾ ਹੈ ਕਿ ਉਸ 'ਤੇ ਭਰੋਸੇਯੋਗ ਦੋਸ਼ ਹਨ ਅਤੇ ਭਾਰਤ ਉਮੀਦ ਕਰਦਾ ਹੈ ਕਿ ਕੈਨੇਡਾ ਪਹਿਲਾਂ ਆਪਣੀ ਜਾਂਚ ਪੂਰੀ ਕਰੇਗਾ?" ਇਸ 'ਤੇ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ, ''ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦਾ ਕਤਲ ਇਕ ਅਜਿਹੀ ਘਟਨਾ ਹੈ ਜਿਸ ਨੂੰ ਸਾਨੂੰ ਸਾਰਿਆਂ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।'' ਉਨ੍ਹਾਂ ਅੱਗੇ ਕਿਹਾ ਕਿ ਅਸੀਂ ਉਨ੍ਹਾਂ ਭਰੋਸੇਮੰਦ ਦੋਸ਼ਾਂ ਨੂੰ ਜਿਸ ਵਿਚ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਦੀ ਗੱਲ ਕਹੀ ਗਈ ਹੈ, ਉਸ ਨੂੰ ਅਸੀਂ ਹਲਕੇ ਤੌਰ 'ਤੇ ਨਹੀਂ ਕਿਹਾ ਹੈ। ਟਰੂਡੋ ਨੇ ਕਿਹਾ, "ਇੱਕ ਵਿਭਿੰਨਤਾ ਪੂਰਨ ਦੇਸ਼ ਹੋਣ ਦੇ ਨਾਤੇ, ਸਾਨੂੰ ਸਾਰੇ ਕੈਨੇਡੀਅਨਾਂ ਨੂੰ ਵਿਦੇਸ਼ੀ ਸਰਕਾਰਾਂ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

# ਕੰਗਨਾ ਰਣੌਤ ਨੂੰ ਟਿਕਟ ਮਿਲਣ ’ਤੇ ਬੋਲੇ ਮਹੇਸ਼ਵਰ– ਪਾਰਟੀ ਕਹੇਗੀ ਤਾਂ ਕੰਮ ਕਰਾਂਗੇ, ਹੋ ਸਕਦੈ ਸਾਡੀ ਲੋੜ ਹੀ ਨਾ ਪਵੇ



ਸਾਬਕਾ ਸੰਸਦ ਮੈਂਬਰ ਮਹੇਸ਼ਵਰ ਸਿੰਘ ਨੇ ਕਿਹਾ ਕਿ ਲੋਕ ਸਭਾ ਚੋਣਾਂ ’ਚ ਪਾਰਟੀ ਕਹੇਗੀ ਤਾਂ ਅਸੀਂ ਕੰਮ ਕਰਾਂਗੇ। ਅਜਿਹਾ ਵੀ ਹੋ ਸਕਦਾ ਹੈ ਕਿ ਸਾਡੀ ਲੋੜ ਹੀ ਨਾ ਪਵੇ। ਪੱਤਰਕਾਰਾਂ ਨਾਲ ਗੱਲਬਾਤ ’ਚ ਉਨ੍ਹਾਂ ਕਿਹਾ ਕਿ ਪਾਰਟੀ ਵਿਚ ਉੱਪਰ ਤਜ਼ਰਬੇਕਾਰ, ਵਿਦਵਾਨ ਤੇ ਬੁੱਧੀਜੀਵੀ ਲੋਕ ਬੈਠੇ ਹਨ। ਕੰਗਨਾ ਨੂੰ ਟਿਕਟ ਦੇਣ ’ਤੇ ਉਨ੍ਹਾਂ ਕਿਹਾ ਕਿ ਪਾਰਟੀ ਨੇ ਜੋ ਕੁਝ ਕੀਤਾ, ਉਹ ਪੂਰੀ ਪੜਤਾਲ ਤੋਂ ਬਾਅਦ ਹੀ ਕੀਤਾ ਹੋਵੇਗਾ। ਸਾਨੂੰ ਵੀ ਰੋਜ਼ ਲੋਕਾਂ ਦੇ ਫੋਨ ਆਉਂਦੇ ਸਨ, ਸਰਵੇ ਹੁੰਦਾ ਹੈ। ਅਸੀਂ ਪਿੱਛੇ ਰਹੇ ਹੋਵਾਂਗੇ। ਮੈਂ ਕੋਈ ਕਿੰਤੂ-ਪ੍ਰੰਤੂ ਨਹੀਂ ਕਰਨੀ ਚਾਹੁੰਦਾ। ਹੁਣ ਸਮਾਂ ਬਦਲ ਗਿਆ ਹੈ। ਪਹਿਲਾਂ ਪਾਰਟੀ ਦਾ ਪਰਿਵਾਰ ਛੋਟਾ ਸੀ ਅਤੇ ਛੋਟੀਆਂ ਗੱਲਾਂ ਹੁੰਦੀਆਂ ਸਨ। ਹੁਣ ਪਾਰਟੀ ਦਾ ਪਰਿਵਾਰ ਵੱਡਾ ਹੋ ਗਿਆ ਹੈ ਅਤੇ ਨੇਤਾ ਵੀ ਬਹੁਤ ਹੋ ਗਏ ਹਨ। ਅਜਿਹੀ ਹਾਲਤ ’ਚ ਜ਼ਿਆਦਾ ਸਰਵੇ ਕਰਦੇ ਹਨ। ਫਿਰ ਜਿਹੜਾ ਠੀਕ ਹੈ, ਉਸੇ ਨੂੰ ਟਿਕਟ ਦੇਣਗੇ। ਸਾਨੂੰ ਕੋਈ ਗਿਲਾ ਨਹੀਂ ਅਤੇ ਅਸੀਂ ਵਿਰੋਧ ਵੀ ਨਹੀਂ ਕਰਾਂਗੇ। ਪਾਰਟੀ ਜਿਸ ਤਰ੍ਹਾਂ ਕਹੇਗੀ, ਉਸੇ ਅਨੁਸਾਰ ਕੰਮ ਹੋਵੇਗਾ।

## 17ਵੀਂ ਲੋਕ ਸਭਾ 'ਤੇ ADR ਰਿਪੋਰਟ : ਸਵਾਲ ਪੁੱਛਣ 'ਚ ਮਹਾਰਾਸ਼ਟਰ ਦੇ ਸੰਸਦ ਮੈਂਬਰ ਰਹੇ ਮੋਹਰੀ

ਮੌਜੂਦਾ ਲੋਕ ਸਭਾ ’ਚ ਕੁੱਲ 222 ਬਿੱਲ ਪਾਸ ਕੀਤੇ ਗਏ ਅਤੇ ਇਨ੍ਹਾਂ ’ਚੋਂ 45 ਨੂੰ ਸਦਨ ’ਚ ਪੇਸ਼ ਕੀਤੇ ਜਾਣ ਵਾਲੇ ਦਿਨ ਹੀ ਮਨਜ਼ੂਰੀ ਦੇ ਦਿੱਤੀ ਗਈ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ. ਡੀ. ਆਰ.) ਦੇ ਇਕ ਵਿਸ਼ਲੇਸ਼ਣ ’ਚ ਸਾਹਮਣੇ ਆਈ ਹੈ। ਜਿਨ੍ਹਾਂ ਬਿੱਲਾਂ ਨੂੰ ਹੇਠਲੇ ਸਦਨ ’ਚ ਪੇਸ਼ ਕੀਤੇ ਜਾਣ ਵਾਲੇ ਦਿਨ ਹੀ ਮਨਜ਼ੂਰੀ ਮਿਲੀ, ਉਨ੍ਹਾਂ ’ਚ ਵਿਨਿਯੋਗ (ਵੋਟ ਆਨ ਅਕਾਊਂਟ) ਬਿੱਲ, ਵਿਨਿਯੋਗ ਬਿੱਲ, ਜੰਮੂ-ਕਸ਼ਮੀਰ ਵਿਨਿਯੋਗ (ਦੂਜਾ) ਬਿੱਲ, ਕੇਂਦਰੀ ਵਸਤੂ ਅਤੇ ਸੇਵਾ ਕਰ (ਸੋਧ) ਬਿੱਲ, 2023 ਅਤੇ ਚੋਣ ਕਾਨੂੰਨ (ਸੋਧ) ਬਿੱਲ, 2021 ਸ਼ਾਮਲ ਹਨ। ਏ. ਡੀ. ਆਰ. ਵੱਲੋਂ ਵਿਸ਼ਲੇਸ਼ਣ ਦੇ ਆਧਾਰ ’ਤੇ ਤਿਆਰ ਕੀਤੀ ਗਈ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ। ਇਹ 17ਵੀਂ ਲੋਕ ਸਭਾ ਅਤੇ ਉਸ ਦੇ ਮੈਂਬਰਾਂ ਦੇ ਕੰਮਕਾਜ ਨੂੰ ਚਾਨਣਾ ਪਾਉਂਦੀ ਹੈ।ਰਿਪੋਰਟ ਮੁਤਾਬਕ 17ਵੀਂ ਲੋਕ ਸਭਾ ਦੇ ਕਾਰਜਕਾਲ ਦੌਰਾਨ 240 ਬਿੱਲ ਪੇਸ਼ ਕੀਤੇ ਗਏ ਅਤੇ ਇਨ੍ਹਾਂ ’ਚੋਂ 222 ਨੂੰ ਪਾਸ ਹੋਏ। ਇਸ ਤੋਂ ਇਲਾਵਾ, 11 ਬਿੱਲ ਵਾਪਸ ਲਏ ਗਏ ਅਤੇ 6 ਬਕਾਇਆ ਹਨ। ਇਨ੍ਹਾਂ ਅੰਕੜਿਆਂ ਅਨੁਸਾਰ, 45 ਬਿੱਲ ਉਸੇ ਦਿਨ ਪਾਸ ਕਰ ਦਿੱਤੇ ਗਏ, ਜਿਸ ਦਿਨ ਉਨ੍ਹਾਂ ਨੂੰ ਸਦਨ ’ਚ ਪੇਸ਼ ਕੀਤਾ ਗਿਆ। ਏ. ਡੀ. ਆਰ. ਦਾ ਕਹਿਣਾ ਹੈ ਕਿ ਔਸਤਨ ਇਕ ਸੰਸਦ ਮੈਂਬਰ ਨੇ 165 ਸਵਾਲ ਪੁੱਛੇ ਅਤੇ 273 ਮੀਟਿੰਗਾਂ ’ਚੋਂ 189 ’ਚ ਹਿੱਸਾ ਲਿਆ। ਛੱਤੀਸਗੜ੍ਹ ਦੇ ਸੰਸਦ ਮੈਂਬਰਾਂ ਦੀ ਔਸਤ ਹਾਜ਼ਰੀ ਸਭ ਤੋਂ ਵੱਧ ਸੀ। ਹੇਠਲੇ ਸਦਨ ’ਚ ਸੂਬਿਆਂ ਦੇ 11 ਨੁਮਾਇੰਦਿਆਂ ਨੇ 273 ਮੀਟਿੰਗਾਂ ’ਚੋਂ 216 ’ਚ ਹਿੱਸਾ ਲਿਆ। ਇਸ ਦੇ ਉਲਟ, ਅਰੁਣਾਚਲ ਪ੍ਰਦੇਸ਼ ’ਚ ਔਸਤ ਹਾਜ਼ਰੀ ਸਭ ਤੋਂ ਘੱਟ ਰਹੀ, ਜਿੱਥੇ ਇਸ ਦੇ ਦੋ ਸੰਸਦ ਮੈਂਬਰਾਂ ਨੇ ਸਿਰਫ 127 ਮੀਟਿੰਗਾਂ ’ਚ ਹਿੱਸਾ ਲਿਆ। ਮਹਾਰਾਸ਼ਟਰ ਦੇ ਸੰਸਦ ਮੈਂਬਰ ਸਭ ਤੋਂ ਵੱਧ ਅੱਗੇ ਸਨ, ਜਿਨ੍ਹਾਂ 'ਚੋਂ 48 ਪ੍ਰਤੀਨਿਧੀਆਂ ਨੇ ਔਸਤਨ 315 ਪ੍ਰਸ਼ਨ ਪੁੱਛੇ। ਇਸ ਦੇ ਉਲਟ ਮਣੀਪੁਰ ਦੇ ਹਰੇਕ ਸੰਸਦ ਮੈਂਬਰ ਨੇ ਔਸਤਨ 25 ਪ੍ਰਸ਼ਨ ਪੁੱਛੇ। ਪਾਰਟੀ ਵਿਚਾਲੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਆਪਣੇ 5 ਸੰਸਦ ਮੈਂਬਰਾਂ ਨਾਲ ਔਸਤਨ 410 ਸਵਾਲ ਚੁੱਕ ਕੇ ਸਭ ਤੋਂ ਅੱਗੇ ਰਹੀ।



## ਮਮਤਾ ਨੇ ਟਿੱਪਣੀ ਨੂੰ ਲੈ ਕੇ ਦਰਜ ਕਰਵਾਈ FIR, ਭਾਜਪਾ ਨੇਤਾ ਦੀਆਂ ਵਧੀਆਂ ਮੁਸ਼ਕਲਾਂ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਟਿੱਪਣੀ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਦਿਲੀਪ ਘੋਸ਼ ਖਿਲਾਫ ਦੁਰਗਾਪੁਰ ਪੁਲਸ ਸਟੇਸ਼ਨ 'ਚ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਘੋਸ਼ ਦੇ ਖਿਲਾਫ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 504 (ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣਬੁੱਝ ਕੇ ਅਪਮਾਨ) ਅਤੇ 509 (ਕਿਸੇ ਔਰਤ ਦੀ ਇੱਜ਼ਤ ਦਾ ਅਪਮਾਨ ਕਰਨ ਦੇ ਇਰਾਦੇ ਨਾਲ ਸ਼ਬਦ, ਇਸ਼ਾਰੇ ਜਾਂ ਕੰਮ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਦੁਰਗਾਪੁਰ ਅਦਾਲਤ ਵਿੱਚ ਇੱਕ ਵਕੀਲ ਅਤੇ ਇੱਕ ਹੋਰ ਵਿਅਕਤੀ ਵੱਲੋਂ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ ਦੇ ਆਧਾਰ ’ਤੇ ਐਫਆਈਆਰ ਦਰਜ ਕੀਤੀ ਗਈ ਸੀ। ਸਾਬਕਾ ਪ੍ਰਦੇਸ਼ ਭਾਜਪਾ ਪ੍ਰਧਾਨ ਘੋਸ਼ ਨੇ ਬੁੱਧਵਾਰ ਨੂੰ ਬੈਨਰਜੀ 'ਤੇ ਆਪਣੀ ਟਿੱਪਣੀ ਲਈ ਮੁਆਫੀ ਮੰਗ ਲਈ ਸੀ। ਉਨ੍ਹਾਂ ਦੀਆਂ ਟਿੱਪਣੀਆਂ ਨੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ। ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਦੀ ਸੱਤਾਧਾਰੀ ਟੀਐਮਸੀ ਦੀ ਸ਼ਿਕਾਇਤ 'ਤੇ ਘੋਸ਼ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ 29 ਮਾਰਚ ਤੱਕ ਜਵਾਬ ਦੇਣ ਲਈ ਕਿਹਾ ਹੈ।





ਕਮਿਸ਼ਨ ਨੇ ਆਪਣੇ ਨੋਟਿਸ ਵਿੱਚ ਘੋਸ਼ ਦੀਆਂ ਟਿੱਪਣੀਆਂ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ, “ਦੀਦੀ ਜਦੋਂ ਗੋਆ ਜਾਂਦੀ ਹੈ ਤਾਂ ਉਹ ਗੋਆ ਦੀ ਧੀ ਬਣ ਜਾਂਦੀ ਹੈ, ਜਦੋਂ ਉਹ ਤ੍ਰਿਪੁਰਾ ਜਾਂਦੀ ਹੈ ਤਾਂ ਉਹ ਕਹਿੰਦੀ ਹੈ ਕਿ ਮੈਂ ਤ੍ਰਿਪੁਰਾ ਦੀ ਧੀ ਹਾਂ, ਫੈਸਲਾ ਕਰੋ ਤੁਹਾਡੇ ਪਿਤਾ ਕੌਣ ਹਨ, ਇਹ ਸਹੀ ਨਹੀਂ ਹੈ''। ਕਮਿਸ਼ਨ ਨੇ ਟਿੱਪਣੀਆਂ ਨੂੰ ਇਤਰਾਜ਼ਯੋਗ, ਅਪਮਾਨਜਨਕ ਅਤੇ ਪਹਿਲੀ ਨਜ਼ਰੇ ਆਦਰਸ਼ ਚੋਣ ਜ਼ਾਬਤੇ (ਐਮਸੀਸੀ) ਦੀ ਉਲੰਘਣਾ ਮੰਨਿਆ। ਟਿੱਪਣੀਆਂ ਦੀ ਨਿੰਦਾ ਕਰਦੇ ਹੋਏ, ਭਾਜਪਾ ਨੇ ਘੋਸ਼ ਨੂੰ ਭੇਜੇ ਇੱਕ ਪੱਤਰ ਵਿੱਚ ਕਿਹਾ ਕਿ ਉਨ੍ਹਾਂ ਦਾ ਬਿਆਨ "ਗੈਰ-ਸੰਸਦੀ" ਅਤੇ ਪਾਰਟੀ ਦੇ ਸੱਭਿਆਚਾਰ ਦੇ ਵਿਰੁੱਧ ਹੈ। ਉਹ ਬਰਧਮਾਨ-ਦੁਰਗਾਪੁਰ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਹਨ।

# ਲੋਕ ਸਭਾ ਚੋਣ ਨਹੀਂ ਲੜ ਸਕਣਗੇ ਮਨਪ੍ਰੀਤ ਬਾਦਲ! ਸਿਹਤ ਨਾਲ ਜੁੜੀ ਅਪਡੇਟ ਆਈ ਸਾਹਮਣੇ

ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੀ ਸਿਹਤ ਨਾਲ ਜੁੜੀ ਅਹਿਮ ਖ਼ਬਰ ਸਾਹਮਣੇ ਆਈ ਹੈ। ਉਨ੍ਹਾਂ ਨੂੰ ਜਲਦੀ ਹੀ ਇਕ ਹੋਰ ਆਪ੍ਰੇਸ਼ਨ ਕਰਵਾਉਣਾ ਪਵੇਗਾ। ਇਸ ਦੀ ਜਾਣਕਾਰੀ ਮਨਪ੍ਰੀਤ ਬਾਦਲ ਨੇ ਖੁਦ ਸੋਸ਼ਲ ਮੀਡੀਆ ਰਾਹੀਂ ਦਿੱਤੀ ਹੈ। ਉਨ੍ਹਾਂ ਟਵੀਟ ਕੀਤਾ, "ਮੇਰੀ ਸਿਹਤ ਵਿਗੜਣ 'ਤੇ ਮਿਲੇ ਪਿਆਰ ਅਤੇ ਦਿਆਲੂ ਇੱਛਾਵਾਂ ਲਈ ਧੰਨਵਾਦੀ ਹਾਂ। ਮੇਰੀ ਰਿਕਵਰੀ ਹੋ ਰਹੀ ਹੈ ਅਤੇ ਤੰਦਰੁਸਤ ਹੋਣ ਲਈ ਆਪਣੇ ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰ ਰਿਹਾ ਹਾਂ। ਮੈਨੂੰ ਇਕ ਹੋਰ ਸਰਜੀਕਲ ਪ੍ਰਕਿਰਿਆ ਦੀ ਲੋੜ ਪਵੇਗੀ ਜੋ ਕਾਫ਼ੀ ਬਲੌਕ ਹੈ। ਇਹ ਸਰਜਰੀ ਆਉਣ ਵਾਲੇ ਹਫ਼ਤਿਆਂ ਵਿਚ ਹੋਣ ਵਾਲੀ ਹੈ। ਇਸ ਤੋਂ ਬਾਅਦ ਵਾਹਿਗੁਰੂ ਦੀ ਕਿਰਪਾ ਨਾਲ ਮੇਰੀ ਸਿਹਤ ਠੀਕ ਹੋ ਜਾਵੇਗੀ।"



ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿਚ ਇਕੱਲਿਆਂ ਚੋਣ ਲੜਣ ਦਾ ਐਲਾਨ ਕੀਤਾ ਗਿਆ ਹੈ। ਭਾਜਪਾ ਵੱਲੋਂ ਮਨਪ੍ਰੀਤ ਬਾਦਲ ਨੂੰ ਬਠਿੰਡਾ ਤੋਂ ਚੋਣ ਮੈਦਾਨ ਵਿਚ ਉਤਾਰਨ ਦੀਆਂ ਚਰਚਾਵਾਂ ਸੀ। ਉਕਤ ਟਵੀਟ ਤੋਂ ਬਾਅਦ ਮਨਪ੍ਰੀਤ ਬਾਦਲ ਦੇ ਕਰੀਬੀ ਸੂਤਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਚੋਣ ਲੜਣ ਦੀਆਂ ਅਟਕਲਾਂ ਨੂੰ ਵਿਰਾਮ ਲਗਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਨਪ੍ਰੀਤ ਬਾਦਲ ਦੀ ਸਿਹਤ ਠੀਕ ਨਹੀਂ ਹੈ ਤੇ ਉਹ ਚੋਣਾਂ ਵਿਚ ਸਰਗਰਮੀ ਨਾਲ ਪ੍ਰਚਾਰ ਨਹੀਂ ਕਰ ਸਕਣਗੇ। ਦੱਸ ਦਈਏ ਕਿ ਮਨਪ੍ਰੀਤ ਬਾਦਲ ਪਹਿਲਾਂ ਵੀ ਬਠਿੰਡਾ ਤੋਂ ਲੋਕ ਸਭਾ ਚੋਣ ਲੜ ਚੁੱਕੇ ਹਨ। ਕਾਂਗਰਸ ਪਾਰਟੀ ਨੇ 2014 ਵਿਚ ਉਨ੍ਹਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਦੇ ਖ਼ਿਲਾਫ਼ ਉਮੀਦਵਾਰ ਐਲਾਨਿਆ ਗਿਆ ਸੀ। ਹਾਲਾਂਕਿ ਉਹ ਇਹ ਚੋਣ 19,395 ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਪਿਛਲੇ ਸਾਲ ਜਨਵਰੀ ਮਹੀਨੇ ਵਿਚ ਉਹ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ।

# CM ਭਗਵੰਤ ਮਾਨ ਨੇ ਸਾਂਝੀ ਕੀਤੀ ਨਵਜੰਮੀ ਧੀ ਦੀ ਪਹਿਲੀ ਤਸਵੀਰ





ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਕਿਲਕਾਰੀਆਂ ਗੂੰਜੀਆਂ ਹਨ। ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਧੀ ਨੂੰ ਜਨਮ ਦਿੱਤਾ ਹੈ। ਇਹ ਜਾਣਕਾਰੀ CM ਭਗਵੰਤ ਮਾਨ ਨੇ ਖੁਦ ਦਿੱਤੀ । ਉਸ ਤੋਂ ਬਾਅਦ ਹੁਣ CM ਭਗਵੰਤ ਮਾਨ ਨੇ ਆਪਣੀ ਨਵਜੰਮੀ ਧੀ ਦੀ ਤਸਵੀਰ ਵੀ ਸਾਂਝੀ ਕੀਤੀ ਹੈ। ਦੱਸ ਦੇਈਏ ਕਿ ਧੀ ਦੇ ਜਨਮ ਦੀ ਜਾਣਕਾਰੀ ਦਿੰਦਿਆਂ CM ਮਾਨ ਨੇ ਲਿਖਿਆ ਕਿ "ਵਾਹਿਗੁਰੂ ਨੇ ਬੇਟੀ ਦੀ ਦਾਤ ਬਖ਼ਸ਼ੀ ਹੈ, ਜੱਚਾ-ਬੱਚਾ ਦੋਵੇਂ ਤੰਦਰੁਸਤ ਨੇ।" ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ 'ਤੋਂ ਹੀ ਡਾ. ਗੁਰਪ੍ਰੀਤ ਕੌਰ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਦੱਸ ਦੇਈਏ ਕਿ CM ਮਾਨ ਨੇ 26 ਜਨਵਰੀ ਮੌਕੇ ਲੁਧਿਆਣਾ ਵਿੱਚ ਰੱਖੇ ਸੂਬਾ ਪੱਧਰੀ ਸਮਾਗਮ ਵਿੱਚ ਨਿੱਜੀ ਖੁਸ਼ੀ ਸਾਂਝੇ ਕਰਦੇ ਹੋਏ ਕਿਹਾ ਸੀ ਕਿ ਉਹਨਾਂ ਦੇ ਘਰ ਮਾਰਚ ਮਹੀਨੇ ਤੱਕ ਖੁਸ਼ੀਆਂ ਆਉਣ ਵਾਲੀਆਂ ਹਨ। ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ 7ਵੇਂ ਮਹੀਨੇ ਦੀ ਗਰਭਵਤੀ ਹੈ ਅਤੇ ਮਾਰਚ ਵਿਚ ਉਨ੍ਹਾਂ ਦੇ ਘਰ ਮਹਿਮਾਨ ਆਉਣ ਵਾਲਾ ਹੈ।

# ਪੰਜਾਬ 'ਚ 12 ਦਿਨਾਂ ਅੰਦਰ ਦੂਜੇ ਕਾਂਗਰਸੀ MP ਨੇ ਛੱਡੀ ਪਾਰਟੀ, ਹੁਣ ਮਨੀਸ਼ ਤਿਵਾੜੀ 'ਤੇ ਟਿਕੀਆਂ ਨਜ਼ਰਾਂ

ਬਿੱਟੂ ਨੇ ਕਿਹਾ ਕਿ ਬੇਅੰਤ ਸਿੰਘ ਕਾਂਗਰਸ ਪਾਰਟੀ ਤੋਂ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਪਾਰਟੀ (ਕਾਂਗਰਸ) ਨੇ ਦੇਸ਼ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਾਂਗਰਸ ਵਿਰੁੱਧ ਇਕ ਵੀ ਸ਼ਬਦ ਨਹੀਂ ਬੋਲਿਆ ਅਤੇ ਸਪੱਸ਼ਟ ਕੀਤਾ ਕਿ ਅੱਜ ਦੇ ਸਮੇਂ ਵਿਚ ਇਹ ਕਾਂਗਰਸ ਜਾਂ ਭਾਜਪਾ ਬਾਰੇ ਨਹੀਂ ਹੈ। ਕੋਈ ਵੀ ਪਾਰਟੀ ਸੁਭਾਵਕ ਤੌਰ 'ਤੇ ਮਾੜੀ ਨਹੀਂ ਹੁੰਦੀ। ਬਿੱਟੂ ਨੇ ਕਿਹਾ ਕਿ ਉਹ ਇੱਕ ਅਜਿਹੇ ਪਰਿਵਾਰ ਨਾਲ ਸਬੰਧ ਰੱਖਦੇ ਹਨ ਜੋ ਰਵਾਇਤੀ ਕਾਂਗਰਸ ਰਹੀ ਹੈ। ਹੁਣ ਸਾਨੂੰ ਇਹ ਸਵੀਕਾਰ ਕਰਨਾ ਪਏਗਾ ਕਿ ਅਸੀਂ ਸਾਰੇ ਪੁਰਾਣੇ ਸਮਿਆਂ ਵਿੱਚ ਨਹੀਂ ਰਹਿ ਰਹੇ ਹਾਂ। ਉਹ 2014 ਤੋਂ 2019 ਤੱਕ 10 ਸਾਲ ਵਿਰੋਧੀ ਧਿਰ ਵਿੱਚ ਬੈਠੇ ਰਹੇ।

ਸੰਸਦ ਮੈਂਬਰ ਹੋਣ ਦੇ ਬਾਵਜੂਦ ਉਹ ਲੁਧਿਆਣਾ ਜਾਂ ਪੰਜਾਬ ਲਈ ਬਹੁਤਾ ਕੁਝ ਨਹੀਂ ਕਰ ਸਕੇ। ਬਿੱਟੂ ਨੇ ਕਿਹਾ ਕਿ ਜੇਕਰ ਮੋਦੀ ਜੀ ਸੱਤਾ 'ਚ ਪਰਤ ਰਹੇ ਹਨ ਤਾਂ ਉਨ੍ਹਾਂ ਨੂੰ ਵਿਰੋਧੀ ਧਿਰ 'ਚ ਬੈਠ ਕੇ ਸੰਸਦ ਮੈਂਬਰ ਬਣ ਕੇ ਕੀ ਫਾਇਦਾ ਹੋਵੇਗਾ। ਦੂਜੇ ਸੂਬਿਆਂ ਵਿੱਚ ਡਬਲ ਇੰਜਣ ਵਾਲੀਆਂ ਸਰਕਾਰਾਂ ਹਨ, ਪਰ ਪੰਜਾਬ ਕੋਲ ਇੱਕ ਵੀ ਇੰਜਣ ਨਹੀਂ ਹੈ। ਪੰਜਾਬ ਦੇ ਕਿਸਾਨ ਲਾਠੀਚਾਰਜ ਅਤੇ ਗੋਲੀਆਂ ਦਾ ਸਾਹਮਣਾ ਕਰ ਰਹੇ ਹਨ, ਕੀ ਦਿੱਲੀ ਵਿੱਚ ਪੰਜਾਬ ਅਤੇ ਇਸਦੇ ਹੱਕਾਂ ਦੀ ਗੱਲ ਕਰਨ ਵਾਲਾ ਕੋਈ ਨਹੀਂ ਹੈ? ਬਿੱਟੂ ਨੇ ਕਿਹਾ ਕਿ ਪੰਜਾਬ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ। 'ਆਪ', ਕਾਂਗਰਸ ਅਤੇ ਅਕਾਲੀ ਦਲ ਨੂੰ ਅਜ਼ਮਾਇਆ ਹੈ। ਨਸ਼ਿਆਂ ਤੋਂ ਲੈ ਕੇ ਗੈਂਗਸਟਰਾਂ, ਨਜਾਇਜ਼ ਸ਼ਰਾਬ ਤੋਂ ਲੈ ਕੇ ਕਿਸਾਨੀ ਮਸਲਿਆਂ ਤੱਕ ਪੰਜਾਬ ਸਿਰਫ਼ ਪਛੜ ਗਿਆ ਹੈ। ਹੋਰ ਰਾਜ ਅੱਗੇ ਵਧ ਰਹੇ ਹਨ। ਕਿਸਾਨਾਂ 'ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਲਾਠੀਆਂ ਵੀ ਚਲਾਈਆਂ ਜਾ ਰਹੀਆਂ ਹਨ ਕਿਉਂਕਿ ਕੋਈ ਗੱਲ ਕਰਨ ਵਾਲਾ ਨਹੀਂ ਹੈ




ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਜਿੱਤ ਕੇ ਲੋਕ ਸਭਾ 'ਚ ਪਹੁੰਚੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਅਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਨੂੰ ਆਪਣੀ ਤਰਜੀਹ ਦੱਸਿਆ ਹੈ। 10 ਸਾਲਾਂ 'ਚ ਦੋ ਵਾਰ ਵਿਰੋਧੀ ਧਿਰ 'ਚ ਬੈਠਣ ਤੋਂ ਬਾਅਦ ਉਹ ਪੰਜਾਬ ਲਈ ਕੁਝ ਨਹੀਂ ਕਰ ਸਕੇ, ਜਿਸ ਕਾਰਨ ਉਹ ਭਾਜਪਾ 'ਚ ਸ਼ਾਮਲ ਹੋਏ ਹਨ। ਉਨ੍ਹਾਂ ਸਪਸ਼ਟ ਕਿਹਾ ਕਿ ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਨੇ ਕਾਂਗਰਸ ਪਾਰਟੀ ਲਈ ਨਹੀਂ ਸਗੋਂ ਪੰਜਾਬ ਲਈ ਕੁਰਬਾਨੀ ਦਿੱਤੀ ਸੀ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ (ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ) ਦੀ ਵਿਰਾਸਤ ਅਤੇ ਕੁਰਬਾਨੀ ਅੱਜ ਉਨ੍ਹਾਂ ਲਈ ਸਰਵਉੱਚ ਹੈ। ਅੱਤਵਾਦ ਵਿਰੁੱਧ ਆਵਾਜ਼ ਉਠਾਉਣ ਕਾਰਨ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਉਹ ਹਮੇਸ਼ਾ ਪੰਜਾਬ ਦੀ ਸ਼ਾਂਤੀ ਅਤੇ ਦੇਸ਼ ਦੀ ਏਕਤਾ ਲਈ ਖੜ੍ਹੇ ਰਹੇ, ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਰਦਾਰ ਬੇਅੰਤ ਸਿੰਘ ਦੀ ਕੁਰਬਾਨੀ ਪੰਜਾਬ ਲਈ ਸੀ ਨਾ ਕਿ ਸਿਰਫ਼ ਕਾਂਗਰਸ ਪਾਰਟੀ ਲਈ।

# ਫ਼ਿਲਮ ਹੀਰਾਮੰਡੀ ਦੀ ਰਿਲੀਜ਼ਿੰਗ ਡੇਟ ਦਾ ਖੁਲਾਸਾ



ਲੋਕ ਸੰਜੇ ਲੀਲਾ ਭੰਸਾਲੀ ਦੀ ਫ਼ਿਲਮ 'ਹੀਰਾਮੰਡੀ ਦਿ ਡਾਇਮੰਡ ਬਜ਼ਾਰ' ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਨਿਰਮਾਤਾਵਾਂ ਨੇ ਪਹਿਲਾਂ ਹੀ ਵੈੱਬ ਸੀਰੀਜ਼ ਦੀਆਂ ਕਈ ਝਲਕੀਆਂ ਦਿਖਾਈਆਂ ਸਨ ਪਰ ਰਿਲੀਜ਼ਿੰਗ ਡੇਟ ਨੂੰ ਲੈ ਕੇ ਕੋਈ ਟਿੱਪਣੀ ਨਹੀਂ ਕੀਤੀ ਗਈ ਸੀ। ਅਜਿਹੇ 'ਚ ਬੇਤਾਬ ਪ੍ਰਸ਼ੰਸਕ ਲਗਾਤਾਰ ਪੁੱਛ ਰਹੇ ਸਨ ਕਿ ਇਹ ਸੀਰੀਜ਼ ਕਦੋਂ ਰਿਲੀਜ਼ ਹੋਵੇਗੀ। #HeeramandiKabReleaseHogi ਕੱਲ੍ਹ ਵੀ ਸੋਸ਼ਲ ਮੀਡੀਆ 'ਤੇ ਟ੍ਰੈਂਡ ਕਰਦਾ ਰਿਹਾ। ਹੁਣ ਆਖਿਰਕਾਰ ਨਿਰਮਾਤਾਵਾਂ ਨੇ ਇਸ ਦੀ ਰਿਲੀਜ਼ਿੰਗ ਡੇਟ ਦਾ ਐਲਾਨ ਕਰ ਦਿੱਤਾ ਹੈ। ਵੈੱਬ ਸੀਰੀਜ਼ ਦਾ ਪ੍ਰੀਮੀਅਰ 1 ਮਈ 2024 ਨੂੰ ਹੋਵੇਗਾ। ਇਸ ਦੌਰਾਨ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਹੀਰਾਮੰਡੀ' ਦੀਆਂ ਪ੍ਰਮੁੱਖ ਅਭਿਨੇਤਰੀਆਂ ਮਨੀਸ਼ਾ ਕੋਇਰਾਲਾ, ਸੋਨਾਕਸ਼ੀ ਸਿਨਹਾ, ਰਿਚਾ ਚੱਢਾ, ਸ਼ਰਮੀਨ ਸਹਿਗਲ ਅਤੇ ਸੰਜੀਦਾ ਸ਼ੇਖ ਵੀ ਮੌਜੂਦ ਸਨ। ਰਿਲੀਜ਼ਿੰਗ ਡੇਟ ਦਾ ਐਲਾਨ ਕਰਨ ਲਈ 1000 ਡਰੋਨਾਂ ਦੀ ਵਰਤੋਂ ਕੀਤੀ ਗਈ, ਜੋ ਕਿ ਕਿਸੇ ਖਾਸ ਪਲ ਤੋਂ ਘੱਟ ਨਹੀਂ ਸੀ। 'ਹੀਰਾਮੰਡੀ' ਕਹਾਣੀ ਦੀ ਗੱਲ ਕਰੀਏ ਤਾਂ ਇਹ ਦੋ ਕੋਠਿਆਂ ਦੀ ਕਹਾਣੀ ਨੂੰ ਦਰਸਾਉਂਦੀ ਹੈ।ਇਸ ਸ਼ੋਅ ਦੀ ਸਟਾਰ ਕਾਸਟ ਨਾਲ, ਸ਼ਰਮੀਨ ਸਹਿਗਲ ਅਤੇ ਸੰਜੀਦਾ ਸ਼ੇਖ, ਭੰਸਾਲੀ ਪ੍ਰੋਡਕਸ਼ਨ ਦੀ ਸੀਈਓ ਪ੍ਰੇਰਨਾ ਸਿੰਘ ਅਤੇ ਨੈੱਟਫਲਿਕਸ ਇੰਡੀਆ 'ਤੇ ਸੀਰੀਜ਼ ਦੀ ਡਾਇਰੈਕਟਰ ਤਾਨਿਆ ਬਾਮੀ ਵੀ ਮੌਜੂਦ ਸਨ। ਪ੍ਰੀਮੀਅਰ ਦੀ ਤਾਰੀਖ ਦੀ ਘੋਸ਼ਣਾ ਕਰਦੇ ਹੋਏ, ਨਿਰਮਾਤਾ ਅਤੇ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਨੇ ਕਿਹਾ, "ਮੈਂ 'ਹੀਰਾਮੰਡੀ: ਦਿ ਡਾਇਮੰਡ ਬਜ਼ਾਰ' ਦੀ ਦੁਨੀਆ ਨੂੰ ਨੈੱਟਫਲਿਕਸ 'ਤੇ ਲਿਆਉਣ ਲਈ ਉਨ੍ਹਾਂ ਦੇ ਜਨੂੰਨ ਅਤੇ ਸਮਰਪਣ ਲਈ ਪੂਰੀ ਟੀਮ ਦਾ ਧੰਨਵਾਦ ਕਰਦਾ ਹਾਂ। ਇਸ ਨੂੰ 1 ਮਈ ਨੂੰ ਰਿਲੀਜ਼ ਕਰਨ ਦੇ ਨਾਲ, ਅਸੀਂ ਦੁਨੀਆ ਭਰ ਦੇ ਦਰਸ਼ਕਾਂ ਵੱਲੋਂ ਇਸ ਨੂੰ ਦੇਖਣ ਦੀ ਉਡੀਕ ਨਹੀਂ ਕਰ ਸਕਦੇ।"

# 'ਅਮਰ ਸਿੰਘ ਚਮਕੀਲਾ' ਦਾ ਰਿਲੀਜ਼ ਟਰੇਲਰ, ਦਿਲਜੀਤ ਤੇ ਪਰਿਣੀਤੀ ਦੀ ਜੋੜੀ ਨੇ ਖਿੱਚਿਆ ਧਿਆਨ

ਬਾਲੀਵੁੱਡ 'ਚ 'ਜਬ ਵੀ ਮੈੱਟ', 'ਲਵ ਆਜ ਕਲ' ਅਤੇ 'ਰੌਕਸਟਾਰ' ਵਰਗੀਆਂ ਕਈ ਸ਼ਾਨਦਾਰ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਨਿਰਦੇਸ਼ਕ ਇਮਤਿਆਜ਼ ਅਲੀ ਹੁਣ ਆਪਣੀ ਅਗਲੀ ਫਿਲਮ 'ਅਮਰ ਸਿੰਘ ਚਮਕੀਲਾ' ਨਾਲ ਦਰਸ਼ਕਾਂ ਦਾ ਦਿਲ ਜਿੱਤਣ ਲਈ ਤਿਆਰ ਹਨ। ਫਿਲਮ 'ਚ ਪਰਿਣੀਤੀ ਚੋਪੜਾ ਅਤੇ ਦਿਲਜੀਤ ਦੋਸਾਂਝ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣ ਵਾਲੇ ਹਨ। 'ਅਮਰ ਸਿੰਘ ਚਮਕੀਲਾ' 12 ਅਪ੍ਰੈਲ ਨੂੰ ਨੈੱਟਫਲਿਕਸ 'ਤੇ ਰਿਲੀਜ਼ ਹੋਣ ਵਾਲੀ ਹੈ। ਹਾਲ ਹੀ 'ਚ ਫ਼ਿਲਮ ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ ਨੂੰ ਫੈਨਜ਼ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਟਰੇਲਰ 'ਚ ਦਿਲਜੀਤ ਦੋਸਾਂਝ ਦੀ ਬੇਹੱਦ ਖ਼ਾਸ ਝਲਕਾਂ ਵੇਖਣ ਨੂੰ ਮਿਲ ਰਹੀਆਂ ਹਨ। ਦਿਲਜੀਤ ਤੇ ਪਰਿਣੀਤੀ ਚੋਪੜਾ ਨੇ ਰਲ ਕੇ ਕਈ ਅਖਾੜੇ ਲਾਏ, ਜਿਸ ਮਗਰੋਂ ਉਹ ਦੁਨੀਆ ਭਰ 'ਚ ਮਸ਼ਹੂਰ ਹੋ ਜਾਂਦਾ ਹੈ। ਇਸ ਮਗਰੋਂ ਲੋਕ ਚਮਕੀਲਾ ਦੇ ਗੀਤਾਂ ਦਾ ਕਾਫ਼ੀ ਵਿਰੋਧ ਕਰਦੇ ਹਨ। ਇਸ ਦੇ ਨਾਲ ਹੀ ਹੋਰ ਵੀ ਬਹੁਤ ਚੀਜ਼ਾਂ ਵੇਖਣ ਨੂੰ ਮਿਲ ਰਹੀਆਂ ਹਨ।

ਫ਼ਿਲਮ ਬਾਰੇ ਗੱਲ ਕਰਦਿਆਂ ਇਮਤਿਆਜ਼ ਅਲੀ ਨੇ ਕਿਹਾ- ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਕਦੇ ਕੋਈ ਬਾਇਓਪਿਕ ਬਣਾਵਾਂਗਾ, ਕਿਉਂਕਿ ਮੈਨੂੰ ਲੱਗਦਾ ਸੀ ਕਿ ਇਸ ਵਿਚ ਕਹਿਣ ਲਈ ਕੀ ਹੈ, ਉਸ 'ਚ ਤਾਂ ਪਹਿਲਾਂ ਤੋਂ ਹੀ ਇਕ ਕਹਾਣੀ ਹੈ। ਕੋਈ ਵੀ ਵਿਅਕਤੀ ਉਸ ਨੂੰ ਜਾਣ ਕੇ ਅਤੇ ਪੜ੍ਹ ਕੇ ਪ੍ਰੇਰਨਾ ਲੈ ਸਕਦਾ ਹੈ ਪਰ ਅਮਰ ਸਿੰਘ ਚਮਕੀਲਾ ਦੀ ਕਹਾਣੀ ਪੰਜਾਬ ਦੀ ਹੈ ਅਤੇ ਉਹ ਵੀ ਅਜਿਹੇ ਸਮੇਂ ਦੀ, ਜਿਸ ਰਾਹੀਂ ਮੈਂ ਬਹੁਤ ਕੁਝ ਕਹਿ ਸਕਦਾ ਹਾਂ। ਮੈਂ ਇਸ ਬਾਇਓਪਿਕ ਨੂੰ ਦਰਸ਼ਕਾਂ ਦੇ ਸਾਹਮਣੇ ਲਿਆਉਣ ਬਾਰੇ ਸੋਚਿਆ। ਸ਼ੂਟਿੰਗ ਲਈ ਅਕਸਰ ਪੰਜਾਬ ਆਉਣਾ-ਜਾਣਾ ਲੱਗਾ ਰਹਿੰਦਾ ਹੈ। ਮੇਰੀ ਯੂਨਿਟ ਵਿਚ ਇਕ ਪ੍ਰੋਡਕਸ਼ਨ ਹੈੱਡ ਸੀ, ਜਿਸ ਨੇ ਮੈਨੂੰ ਇਸ ਕਹਾਣੀ ਬਾਰੇ ਸੁਝਾਅ ਦਿੱਤਾ ਸੀ। ਇਸ ਤੋਂ ਇਲਾਵਾ ਪਿੰਡ ਦੇ ਪੁਰਾਣੇ ਲੋਕ ਹਮੇਸ਼ਾ ਚਮਕੀਲਾ ਬਾਰੇ ਗੱਲਾਂ ਕਰਦੇ ਸਨ, ਜਿਸ ਤੋਂ ਬਾਅਦ ਮੈਂ ਚਮਕੀਲਾ ਬਾਰੇ ਪੜ੍ਹਿਆ ਅਤੇ ਜਾਣਿਆ। ਫਿਰ ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਬਹੁਤ ਕੁਝ ਕਹਿਣ ਯੋਗ ਹੈ। ਸੰਗੀਤ ਉਨ੍ਹਾਂ ਲਈ ਮੁਹੱਬਤ ਸੀ। ਉਨ੍ਹਾਂ ਦੀ ਇਹੋ ਗੱਲ ਮੈਨੂੰ ਸਭ ਤੋਂ ਵੱਧ ਪਸੰਦ ਆਈ ਸੀ।




# ਵੀਤ ਬਲਜੀਤ ਤੋਂ ਪੁੱਤ ਦਾ ਗੀਤ 295 ਸੁਣ ਖਿੜ ਉੱਠਿਆ ਬਾਪੂ ਬਲਕੌਰ ਸਿੰਘ

ਪ੍ਰਸਿੱਧ ਗਾਇਕ ਤੇ ਲਿਖਾਰੀ ਵੀਤ ਬਲਜੀਤ ਨੇ ਹਾਲ ਹੀ 'ਚ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਵੀਡੀਓ ਸ਼ੇਅਰ ਕੀਤੀ ਹੈ, ਜਿਸ ਨੂੰ ਹਰ ਪਾਸੇ ਕਾਫ਼ੀ ਪਿਆਰ ਮਿਲ ਰਿਹਾ ਹੈ। ਦਰਅਸਲ, ਜਿਹੜੀ ਵੀਡੀਓ ਵੀਤ ਬਲਜੀਤ ਨੇ ਸਾਂਝੀ ਕੀਤੀ ਹੈ, ਉਸ 'ਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਪਿਤਾ ਬਲਕੌਰ ਸਿੰਘ ਭੰਗੜਾ ਪਾਉਂਦੇ ਨਜ਼ਰ ਆ ਰਹੇ ਹਨ। ਦੱਸ ਦੇਈਏ ਕਿ ਵੀਤ ਬਲਜੀਤ ਨੇ ਆਪਣੇ ਲਾਈਵ ਸ਼ੋਅ ਦੌਰਾਨ ਸਿੱਧੂ ਮੂਸੇਵਾਲਾ ਦਾ ਗੀਤ ਗਾਇਆ ਸੀ। ਇਸ ਖ਼ਾਸ ਮੌਕੇ ਸਿੱਧੂ ਦੇ ਪਿਤਾ ਬਲਕੌਰ ਸਿੰਘ ਵੀ ਉੱਥੇ ਹੀ ਮੌਜੂਦ ਸਨ। ਆਪਣੇ ਪੁੱਤਰ ਦਾ ਗੀਤ ਸੁਣਦੇ ਹੀ ਬਲਕੌਰ ਸਿੰਘ ਆਪਣੇ ਆਪ ਨੂੰ ਰੋਕ ਨਾ ਸਕੇ ਤੇ ਸੰਗੀਤ ਧੁੰਨਾਂ 'ਤੇ ਨੱਚਣ ਲੱਗੇ। ਵੀਤ ਬਲਜੀਤ ਦੀ ਇਸ ਵੀਡੀਓ ਨੂੰ ਫੈਨਜ਼ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਸਿੱਧੂ ਦੀ ਮੌਤ ਤੋਂ ਬਾਅਦ ਸ਼ਾਇਦ ਇਹ ਪਹਿਲੀ ਵਾਰ ਸੀ ਜਦੋਂ ਬਾਪੂ ਬਲਕੌਰ ਨੇ ਭਰੀ ਮਹਿਫਲ 'ਚ ਭੰਗੜਾ ਪਾਇਆ ਹੋਵੇ। ਦੱਸਣਯੋਗ ਹੈ ਕਿ ਵੀਤ ਬਲਜੀਤ ਨੇ ਸੰਗੀਤ ਜਗਤ ਦੇ ਨਾਮੀ ਕਲਾਕਾਰਾਂ 'ਚੋਂ ਇੱਕ ਹਨ। ਉਨ੍ਹਾਂ ਦੇ ਗੀਤ ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ, ਗੈਰੀ ਸੰਧੂ ਤੇ ਕਈ ਹੋਰ ਨਾਮੀ ਗਾਇਕਾਂ ਵੱਲੋਂ ਵੀ ਗਾਏ ਜਾ ਚੁੱਕੇ ਹਨ।





# IPL ਨੇ ਤੋੜੇ ਸਾਰੇ ਰਿਕਾਰਡ, ਪਹਿਲੇ ਦਿਨ 16 ਕਰੋੜ ਤੋਂ ਵੱਧ ਦਰਸ਼ਕਾਂ ਨੇ ਦੇਖਿਆ ਮੈਚ

ਆਈ. ਪੀ. ਐਲ. ਦੇ 17ਵੇਂ ਸੀਜ਼ਨ ਦੇ ਪਹਿਲੇ ਦਿਨ ਉਦਘਾਟਨੀ ਸਮਾਰੋਹ ਅਤੇ ਮੈਚ ਨੂੰ ਰਿਕਾਰਡ 16 ਕਰੋੜ 80 ਲੱਖ ਦਰਸ਼ਕਾਂ ਨੇ ਦੇਖਿਆ। ਹੋਸਟ ਬ੍ਰਾਡਕਾਸਟਰ ਨੇ ਇਹ ਜਾਣਕਾਰੀ ਦਿੱਤੀ। ਇੰਡੀਅਨ ਪ੍ਰੀਮੀਅਰ ਲੀਗ ਦੇ ਅਧਿਕਾਰਤ ਪ੍ਰਸਾਰਕ ਡਿਜ਼ਨੀ ਸਟਾਰ ਨੇ ਕਿਹਾ ਕਿ ਪਹਿਲੇ ਦਿਨ ਦੀ ਖੇਡ ਦੇਖਣ ਦਾ ਸਮਾਂ 1276 ਕਰੋੜ ਮਿੰਟ ਰਿਹਾ, ਜੋ ਕਿਸੇ ਵੀ ਸੀਜ਼ਨ ਵਿੱਚ ਪਹਿਲੇ ਦਿਨ ਦਾ ਰਿਕਾਰਡ ਹੈ।
ਆਈਪੀਐਲ ਦੇ 17ਵੇਂ ਸੀਜ਼ਨ ਦੇ ਪਹਿਲੇ ਦਿਨ ਛੇ ਕਰੋੜ ਤੋਂ ਵੱਧ ਦਰਸ਼ਕਾਂ ਨੇ ਡਿਜ਼ਨੀ ਸਟਾਰ ਨੈੱਟਵਰਕ 'ਤੇ ਟੈਲੀਕਾਸਟ ਦੇਖਿਆ। ਮੌਜੂਦਾ ਚੈਂਪੀਅਨ ਚੇਨਈ ਸੁਪਰ ਕਿੰਗਜ਼ ਨੇ ਪਹਿਲੇ ਮੈਚ ਵਿੱਚ ਰਾਇਲ ਚੈਲੰਜਰਜ਼ ਬੈਂਗਲੁਰੂ ਨੂੰ ਛੇ ਵਿਕਟਾਂ ਨਾਲ ਹਰਾਇਆ। ਸਟਾਰ ਸਪੋਰਟਸ ਦੇ ਬੁਲਾਰੇ ਨੇ ਕਿਹਾ, 'ਇਹ ਇਕ ਵੱਡੀ ਉਪਲਬਧੀ ਹੈ ਜੋ ਸਟਾਰ ਸਪੋਰਟਸ ਦੇ ਦਰਸ਼ਕਾਂ ਦੇ ਪਿਆਰ ਨਾਲ ਸੰਭਵ ਹੋਈ ਹੈ। ਅਸੀਂ ਆਪਣੇ ਸਾਰੇ ਭਾਈਵਾਲਾਂ ਅਤੇ ਬੀਸੀਸੀਆਈ ਦੇ ਨਾਲ ਟਾਟਾ ਆਈਪੀਐਲ ਦਾ ਧੰਨਵਾਦ ਕਰਦੇ ਹਾਂ।




# ਰਾਜਸਥਾਨ ਰਾਇਲਜ਼ ਤੇ ਦਿੱਲੀ ਕੈਪਿਟਲਸ ਅੱਜ ਹੋਣਗੇ ਆਹਮੋ-ਸਾਹਮਣੇ

ਇੰਡੀਅਨ ਪ੍ਰੀਮਿਅਰ ਲੀਗ ਦਾ 9ਵਾਂ ਮੈਚ ਅੱਜ ਜੈਪੁਰ ਵਿੱਚ ਖੇਡਿਆ ਜਾਵੇਗਾ। ਸਵਾਈ ਮਾਨ ਸਿੰਘ ਸਟੇਡੀਅਮ ਵਿੱਚ ਲੀਗ ਇਤਿਹਾਸ ਦੀ ਪਹਿਲੀ ਚੈਂਪੀਅਨ ਰਾਜਸਥਾਨ ਰਾਇਲਜ਼ ਤੇ ਪਹਿਲੇ ਖਿਤਾਬ ਦਾ ਇੰਤਜ਼ਾਰ ਕਰ ਰਹੀ ਦਿੱਲੀ ਕੈਪਿਟਲਸ ਦੇ ਵਿਚਾਲੇ ਮੈਚ ਖੇਡਿਆ ਜਾਵੇਗਾ। ਦਿੱਲੀ ਦੇ ਕਪਤਾਨ ਰਿਸ਼ਭ ਪੰਤ IPL ਵਿੱਚ ਆਪਣਾ 100ਵਾਂ ਮੈਚ ਖੇਡਣਗੇ। ਪਿਛਲੇ 6 ਸਾਲਾਂ ਤੋਂ ਰਾਜਸਥਾਨ ਆਪਣੇ ਹੋਮ ਗ੍ਰਾਊਂਡ 'ਤੇ ਦਿੱਲੀ ਨੂੰ ਨਹੀਂ ਹਰਾ ਸਕਿਆ ਹੈ। ਰਾਜਸਥਾਨ ਨੂੰ ਆਖਰੀ ਜਿੱਤ 2018 ਵਿੱਚ ਮਿਲੀ ਸੀ। ਇਸਦੇ ਬਾਅਦ 2019 ਵਿੱਚ ਇੱਕ ਮੈਚ ਖੇਡਿਆ ਗਿਆ, ਜਿਸ ਵਿੱਚ ਦਿੱਲੀ ਨੂੰ ਜਿੱਤ ਮਿਲੀ ਸੀ। ਇਸਦੇ ਬਾਅਦ ਹੁਣ ਦੋਵੇਂ ਟੀਮਾਂ ਦਾ ਸਾਹਮਣਾ ਹੋਵੇਗਾ। ਦੋਨੋਂ ਟੀਮਾਂ ਦਾ ਇਹ 17ਵੇਂ ਸੀਜ਼ਨ ਵਿੱਚ ਦੂਜਾ ਮੈਚ ਹੋਵੇਗਾ। ਜਿੱਥੇ ਰਾਜਸਥਾਨ ਨੇ ਲਖਨਊ ਨੂੰ ਹਰਾ ਕੇ ਜਿੱਤ ਨਾਲ ਆਗਾਜ਼ ਕੀਤਾ। ਉੱਥੇ ਹੀ ਦਿੱਲੀ ਨੂੰ ਪੰਜਾਬ ਦੇ ਖਿਲਾਫ਼ ਹਾਰ ਦਾ ਸਾਹਮਣਾ ਕਰਨਾ ਪਿਆ।

ਰਾਜਸਥਾਨ ਤੇ ਦਿੱਲੀ ਦੇ ਵਿਚਾਲੇ IPL ਵਿੱਚ ਹੁਣ ਤੱਕ 27 ਮੁਕਾਬਲੇ ਖੇਡੇ ਗਏ। ਰਾਜਸਥਾਨ ਨੂੰ 14 ਵਿੱਚ ਦਿੱਲੀ ਨੂੰ 13 ਮੈਚਾਂ ਵਿੱਚ ਜਿੱਤ ਮਿਲੀ। ਰਾਜਸਥਾਨ ਦੇ ਹੋਮ ਗ੍ਰਾਊਂਡ ਜੈਪੁਰ ਦੇ ਸਵਾਈ ਮਾਨ ਸਿੰਘ ਸਟੇਡੀਅਮ ਵਿੱਚ ਦੋਹਾਂ ਟੀਮਾਂ ਵਿਚਾਲੇ ਹੁਣ ਤੱਕ 6 ਮੈਚ ਖੇਡੇ ਗਏ ਹਨ। ਇਨ੍ਹਾਂ ਵਿੱਚ ਰਾਜਸਥਾਨ ਨੂੰ 4 ਤੇ ਦਿੱਲੀ ਨੂੰ 2 ਵਿੱਚ ਜਿੱਤ ਮਿਲੀ। ਯਾਨੀ ਕਿ ਦਿੱਲੀ ਦੇ ਖਿਲਾਫ਼ ਹੋਮ ਗ੍ਰਾਊਂਡ 'ਤੇ ਰਾਜਸਥਾਨ ਨੇ 66.67% ਮੈਚ ਜਿੱਤੇ ਹਨ।ਜੇ ਇੱਥੇ ਪਿਚ ਦੀ ਗੱਲ ਕੀਤੀ ਜਾਵੇ ਤਾਂ ਜੈਪੁਰ ਦੇ ਸਵਾਈ ਮਾਨ ਸਿੰਘ ਸਟੇਡੀਅਮ ਦੀ ਪਿਚ ਆਮ ਤੌਰ 'ਤੇ ਬੱਲੇਬਾਜਾਂ ਤੇ ਗੇਂਦਬਾਜ਼ਾਂ ਦੋਹਾਂ ਦੇ ਲਈ ਮਦਦਗਾਰ ਸਾਬਿਤ ਹੁੰਦੀ ਹੈ। ਮੈਚ ਦੇ ਸ਼ੁਰੂਆਤੀ ਓਵਰਾਂ ਵਿੱਚ ਤੇਜ਼ ਗੇਂਦਬਾਜਾਂ ਨੂੰ ਮਦਦ ਮਿਲਣ ਦੀ ਉਮੀਦ ਹੈ। ਬਾਊਂਡ੍ਰੀ ਵੱਡੀ ਹੋਣ ਕਾਰਨ ਬੱਲੇਬਾਜਾਂ ਨੂੰ ਦੌੜਾਂ ਬਣਾਉਣ ਵਿੱਚ ਮੁਸ਼ਕਿਲ ਹੋਵੇਗੀ। ਇਸ ਸਟੇਡੀਅਮ ਵਿੱਚ ਹੁਣ ਤੱਕ IPL ਦੇ 53 ਮੈਚ ਖੇਡੇ ਗਏ। ਜਿਸ ਵਿੱਚੋਂ ਪਹਿਲਾਂ ਬੱਲੇਬਾਜ਼ੀ ਕਰਨ ਵਲਾਈਆਂ ਟੀਮਾਂ ਨੇ 19 ਤੇ ਬਾਅਦ ਵਿੱਚ ਬੱਲੇਬਾਜ਼ੀ ਕਰਨ ਵਾਲਿਆਂ ਟੀਮਾਂ ਨੇ 34 ਮੈਚ ਜਿੱਤੇ।



# WC ਤੋਂ ਬਾਅਦ ਟ੍ਰੈਵਿਸ ਹੈੱਡ ਦਾ ਹੁਣ IPL ਚ ਧਮਾਕਾ, ਮੁੰਬਈ ਦੇ ਗੇਂਦਬਾਜ਼ਾਂ ਦਾ ਚਾੜ੍ਹਿਆ ਕੁੱਟਾਪਾ, ਬਣਾਇਆ ਰਿਕਾਰਡ



ਜਿੱਥੇ ਆਸਟ੍ਰੇਲੀਆ ਦੀ ਜਿੱਤ ਹੋਈ ਸੀ। ਇਸ ਤੋਂ ਬਾਅਦ ਅਹਿਮਦਾਬਾਦ ਦੇ ਮੈਦਾਨ 'ਤੇ ਖੇਡੇ ਗਏ ਵਨਡੇ ਵਿਸ਼ਵ ਕੱਪ ਦੇ ਫਾਈਨਲ 'ਚ ਟ੍ਰੈਵਿਸ ਨੇ ਟੀਚੇ ਦਾ ਪਿੱਛਾ ਕਰਦੇ ਹੋਏ ਸੈਂਕੜਾ ਲਗਾਇਆ ਅਤੇ ਆਪਣੀ ਟੀਮ ਨੂੰ ਜਿੱਤ ਵੱਲ ਲੈ ਕੇ ਗਏ। ਹੈਦਰਾਬਾਦ ਨੇ ਪਹਿਲਾਂ ਖੇਡਦਿਆਂ 10 ਓਵਰਾਂ ਵਿੱਚ 2 ਵਿਕਟਾਂ ਗੁਆ ਕੇ 148 ਦੌੜਾਂ ਬਣਾਈਆਂ। ਇਹ ਆਈਪੀਐਲ ਇਤਿਹਾਸ ਵਿੱਚ ਪਹਿਲੇ 10 ਓਵਰਾਂ ਵਿੱਚ ਸਭ ਤੋਂ ਵੱਧ ਸਕੋਰ ਸੀ। ਹਾਲਾਂਕਿ ਹੈਦਰਾਬਾਦ ਦੇ ਖਿਲਾਫ ਹੀ ਦੌੜਾਂ ਦਾ ਪਿੱਛਾ ਕਰਦੇ ਹੋਏ ਮੁੰਬਈ ਨੇ ਦੂਜਾ ਸਰਵੋਤਮ ਸਕੋਰ ਹਾਸਲ ਕੀਤਾ। ਮੁੰਬਈ ਨੇ 10 ਓਵਰਾਂ 'ਚ 141 ਦੌੜਾਂ ਬਣਾਈਆਂ। ਇਸ ਤੋਂ ਪਹਿਲਾਂ 2021 ਸੀਜ਼ਨ 'ਚ ਮੁੰਬਈ ਇੰਡੀਅਨਜ਼ ਨੇ ਤਿੰਨ ਵਿਕਟਾਂ ਗੁਆ ਕੇ 131 ਦੌੜਾਂ ਬਣਾਈਆਂ ਸਨ। 2014 ਦੇ ਸੀਜ਼ਨ ਵਿੱਚ, ਪੰਜਾਬ ਨੇ ਹੈਦਰਾਬਾਦ ਦੇ ਖਿਲਾਫ 131/3 ਦਾ ਸਕੋਰ ਬਣਾਇਆ, 2008 ਦੇ ਸੀਜ਼ਨ ਵਿੱਚ, ਡੈਕਨ ਚਾਰਜਰਜ਼ ਨੇ ਮੁੰਬਈ ਦੇ ਖਿਲਾਫ 130/0 ਅਤੇ 2016 ਦੇ ਸੀਜ਼ਨ ਵਿੱਚ, ਬੈਂਗਲੁਰੂ ਨੇ ਪੰਜਾਬ ਦੇ ਖਿਲਾਫ 129/0 ਦਾ ਸਕੋਰ ਬਣਾਇਆ।ਹੈਦਰਾਬਾਦ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ 'ਚ ਇੰਡੀਅਨ ਪ੍ਰੀਮੀਅਰ ਲੀਗ ਦੇ ਤਹਿਤ ਮੁੰਬਈ ਇੰਡੀਅਨਜ਼ ਖਿਲਾਫ ਖੇਡੇ ਗਏ ਮੈਚ 'ਚ ਸਨਰਾਈਜ਼ਰਸ ਹੈਦਰਾਬਾਦ ਲਈ ਖੇਡਦੇ ਹੋਏ ਆਸਟ੍ਰੇਲੀਆਈ ਬੱਲੇਬਾਜ਼ ਟ੍ਰੈਵਿਸ ਹੈੱਡ ਨੇ ਸੈਸ਼ਨ ਦਾ ਦੂਜਾ ਸਭ ਤੋਂ ਤੇਜ਼ ਅਰਧ ਸੈਂਕੜਾ ਲਗਾਇਆ।

ਓਪਨਿੰਗ 'ਤੇ ਆਏ ਟ੍ਰੈਵਿਸ ਨੇ ਮਾਫਾਕਾ, ਹਾਰਦਿਕ, ਗੇਰਾਲਡ ਨੂੰ ਨਿਸ਼ਾਨਾ ਬਣਾਇਆ ਅਤੇ ਕਾਫੀ ਚੌਕੇ ਅਤੇ ਛੱਕੇ ਲਗਾਏ। ਟ੍ਰੈਵਿਸ ਨੇ 24 ਗੇਂਦਾਂ 'ਚ 9 ਚੌਕਿਆਂ ਅਤੇ 3 ਛੱਕਿਆਂ ਦੀ ਮਦਦ ਨਾਲ 62 ਦੌੜਾਂ ਬਣਾਈਆਂ।ਹੈੱਡ ਨੂੰ ਭਾਰਤੀ ਪਿੱਚਾਂ ਬਹੁਤ ਪਸੰਦ ਹਨ। ਹੈਦਰਾਬਾਦ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ 'ਚ ਇੰਡੀਅਨ ਪ੍ਰੀਮੀਅਰ ਲੀਗ ਦੇ ਤਹਿਤ ਮੁੰਬਈ ਇੰਡੀਅਨਜ਼ ਖਿਲਾਫ ਖੇਡੇ ਗਏ ਮੈਚ 'ਚ ਸਨਰਾਈਜ਼ਰਸ ਹੈਦਰਾਬਾਦ ਲਈ ਖੇਡਦੇ ਹੋਏ ਆਸਟ੍ਰੇਲੀਆਈ ਬੱਲੇਬਾਜ਼ ਟ੍ਰੈਵਿਸ ਹੈੱਡ ਨੇ ਸੈਸ਼ਨ ਦਾ ਦੂਜਾ ਸਭ ਤੋਂ ਤੇਜ਼ ਅਰਧ ਸੈਂਕੜਾ ਲਗਾਇਆ। ਓਪਨਿੰਗ 'ਤੇ ਆਏ ਟ੍ਰੈਵਿਸ ਨੇ ਮਾਫਾਕਾ, ਹਾਰਦਿਕ, ਗੇਰਾਲਡ ਨੂੰ ਨਿਸ਼ਾਨਾ ਬਣਾਇਆ ਅਤੇ ਕਾਫੀ ਚੌਕੇ ਅਤੇ ਛੱਕੇ ਲਗਾਏ। ਟ੍ਰੈਵਿਸ ਨੇ 24 ਗੇਂਦਾਂ 'ਚ 9 ਚੌਕਿਆਂ ਅਤੇ 3 ਛੱਕਿਆਂ ਦੀ ਮਦਦ ਨਾਲ 62 ਦੌੜਾਂ ਬਣਾਈਆਂ।

# ਲੰਬੇ ਸਮੇਂ ਤੋਂ ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਲਈ ਚੰਗੀ ਖ਼ਬਰ

ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ 10 ਸਾਲਾਂ ਤੋਂ ਵੱਧ ਸਮੇਂ ਤੋਂ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਰਹਿ ਰਹੇ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਪ੍ਰੋਗਰਾਮ ਨੂੰ ਵਧਾਉਣ ਦੀ ਸੰਭਾਵਨਾ ਹੈ। ਡੇਲੀ ਮੇਲ ਦੀ ਇੱਕ ਰਿਪੋਰਟ ਅਨੁਸਾਰ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਲਾਭ ਪਹੁੰਚਾਏਗਾ ਜੋ ਖੁਦ ਗੈਰ-ਕਾਨੂੰਨੀ ਹਨ ਪਰ ਜੇਕਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਕਾਨੂੰਨੀ ਨਾਗਰਿਕ ਰਿਸ਼ਤੇਦਾਰਾਂ 'ਤੇ ਸਿੱਧਾ ਅਸਰ ਪਵੇਗਾ। ਇਸ ਸ਼ਰਤ ਦਾ ਇੱਕ ਸਰਲ ਅਰਥ ਇਹ ਲਿਆ ਜਾ ਸਕਦਾ ਹੈ ਕਿ ਅਮਰੀਕਾ ਵਿੱਚ ਰਹਿ ਰਹੇ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਦੇ ਅਮਰੀਕੀ ਮੂਲ ਦੇ ਬੱਚੇ, ਇੱਕ ਨਾਗਰਿਕਤਾ ਜੀਵਨ ਸਾਥੀ ਜਾਂ ਕੋਈ ਹੋਰ ਖੂਨ ਦਾ ਰਿਸ਼ਤੇਦਾਰ ਜੇ ਉਹ ਇੱਕ ਅਮਰੀਕੀ ਨਾਗਰਿਕ ਹੈ ਤਾਂ ਗੈਰ-ਦਸਤਾਵੇਜ਼ਿਤ ਪ੍ਰਵਾਸੀ ਨੂੰ ਲਾਭ ਹੋ ਸਕਦਾ ਹੈ। ਮੌਜੂਦਾ ਪ੍ਰੋਗਰਾਮ ਦੇ ਤਹਿਤ ਹਰ ਸਾਲ 4,000 ਤੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਗ੍ਰੀਨ ਕਾਰਡ ਪ੍ਰਾਪਤ ਕਰ ਸਕਦੇ ਹਨ, ਜਿਸ ਨੂੰ ਰਾਸ਼ਟਰਪਤੀ ਬਾਈਡੇਨ ਵਧਾਉਣ 'ਤੇ ਵਿਚਾਰ ਕਰ ਰਹੇ ਹਨ।



ਇਮੀਗ੍ਰੇਸ਼ਨ ਸਮੀਖਿਆ ਪ੍ਰੋਗਰਾਮ ਲਈ ਕਾਰਜਕਾਰੀ ਦਫਤਰ ਦੇ ਤਹਿਤ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀ ਜੋ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ ਜਾਂ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਆਦੇਸ਼ ਜਾਰੀ ਕੀਤੇ ਗਏ ਹਨ, ਅਮਰੀਕਾ ਵਿੱਚ ਰਹਿਣ ਲਈ ਅਪੀਲ ਕਰ ਸਕਦੇ ਹਨ। ਅਤੇ 'ਕੈਂਸਲ ਯੂਅਰ ਰਿਮੂਵਲ' ਦੇ ਤਹਿਤ ਗ੍ਰੀਨ ਕਾਰਡ ਜਾਰੀ ਕੀਤਾ ਜਾ ਸਕਦਾ ਹੈ। ਹਾਲਾਂਕਿ ਇਹ ਸਾਰਾ ਮਾਮਲਾ ਅਜੇ ਵਿਚਾਰ ਦੇ ਅਧੀਨ ਹੈ ਅਤੇ ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਇਸ ਨੂੰ ਕਦੋਂ ਲਾਗੂ ਕੀਤਾ ਜਾਵੇਗਾ। ਡੇਲੀ ਮੇਲ ਦੀ ਰਿਪੋਰਟ ਅਨੁਸਾਰ ਨਿਆਂ ਵਿਭਾਗ ਦੇ ਇਮੀਗ੍ਰੇਸ਼ਨ ਸਮੀਖਿਆ ਲਈ ਕਾਰਜਕਾਰੀ ਦਫਤਰ ਦੇ ਤਹਿਤ ਸਤੰਬਰ 2023 ਦੇ ਸ਼ੁਰੂ ਵਿੱਚ ਇੱਕ ਪ੍ਰਸਤਾਵ ਬਣਾਇਆ ਗਿਆ ਸੀ ਜਿਸ ਦਾ ਉਦੇਸ਼ ਹਜ਼ਾਰਾਂ ਪ੍ਰਵਾਸੀਆਂ ਨੂੰ ਕਾਨੂੰਨੀ ਸਥਾਈ ਨਿਵਾਸ ਪ੍ਰਦਾਨ ਕਰਨਾ ਸੀ। ਪ੍ਰਸਤਾਵ ਦੇ ਤਹਿਤ ਯੋਗ ਹੋਣ ਦੀ ਇੱਛਾ ਰੱਖਣ ਵਾਲੇ ਪ੍ਰਵਾਸੀ 10 ਸਾਲਾਂ ਤੋਂ ਅਮਰੀਕਾ ਵਿੱਚ ਰਹੇ ਹੋਣ ਅਤੇ ਇਹ ਵੀ ਸਾਬਤ ਕਰਨ ਕਿ ਉਹ ਕਿਸੇ ਗੰਭੀਰ ਅਪਰਾਧ ਵਿੱਚ ਸ਼ਾਮਲ ਨਹੀਂ ਹੋਏ ਹਨ। ਹਾਲਾਂਕਿ, ਪ੍ਰਸਤਾਵ ਦਸਤਾਵੇਜ਼ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰੋਗਰਾਮ ਦੇ ਤਹਿਤ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਅਦਾਲਤ ਵਿੱਚ ਆਪਣੀ ਵਾਰੀ ਆਉਣ ਤੱਕ ਉਡੀਕ ਕਰਨੀ ਪਵੇਗੀ, ਜਿਸ ਵਿੱਚ ਕਈ ਸਾਲ ਵੀ ਲੱਗ ਸਕਦੇ ਹਨ। ਬਰਾਕ ਓਬਾਮਾ ਨੇ ਆਪਣੇ ਪ੍ਰਸ਼ਾਸਨ ਦੌਰਾਨ ਚਾਈਲਡਹੁੱਡ ਅਰਾਈਵਲਜ਼ ਪ੍ਰੋਗਰਾਮ ਤਹਿਤ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਰਸਤਾ ਵੀ ਸਾਫ਼ ਕੀਤਾ ਸੀ, ਜਿਸ ਦਾ ਲੱਖਾਂ ਲੋਕਾਂ ਨੂੰ ਫਾਇਦਾ ਹੋਇਆ ਹੈ। ਜਦੋਂ ਤੋਂ ਬਾਈਡੇਨ ਸੰਯੁਕਤ ਰਾਜ ਦਾ ਰਾਸ਼ਟਰਪਤੀ ਬਣਿਆ ਹੈ, ਉਸ ਨੇ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਵਿੱਚ ਵੱਡੇ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿੱਚ ਮੈਕਸੀਕੋ ਵਿੱਚ ਰਿਮੇਨ ਪ੍ਰੋਗਰਾਮ ਨੂੰ ਛੱਡਣਾ ਵੀ ਸ਼ਾਮਲ ਹੈ। ਹਾਲਾਂਕਿ,ਆਪਣੇ ਕਾਰਜਕਾਲ ਦੌਰਾਨ ਬਾਈਡੇਨ ਪਿਛਲੇ ਦੋ-ਤਿੰਨ ਸਾਲਾਂ ਤੋਂ ਮੈਕਸੀਕੋ ਸਰਹੱਦ ਤੋਂ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਦੀ ਆਮਦ ਕਾਰਨ ਜ਼ਬਰਦਸਤ ਸਿਆਸੀ ਦਬਾਅ ਹੇਠ ਹਨ।

# ਨਿਊਯਾਰਕ 'ਚ ਟ੍ਰੈਫਿਕ ਸਟਾਪ 'ਤੇ ਪੁਲਸ ਅਧਿਕਾਰੀ ਜੋਨਾਥਨ ਡਿਲਰ ਦਾ ਗੋਲੀ ਮਾਰ ਕੇ ਕਤਲ



ਨਿਊਯਾਰਕ ਰਾਜ ਦੇ ਕਵੀਂਸ ਇਲਾਕੇ ਵਿੱਚ ਲੰਘੇ ਸੋਮਵਾਰ ਨੂੰ ਟ੍ਰੈਫਿਕ ਸਟਾਪ 'ਤੇ ਡਿਊਟੀ ਦੌਰਾਨ ਨਿਊਯਾਰਕ ਪੁਲਸ ਦੇ ਅਧਿਕਾਰੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮਾਰੇ ਗਏ ਪੁਲਸ ਅਧਿਕਾਰੀ ਦੀ ਪਛਾਣ ਜੋਨਾਥਨ ਡਿਲਰ ਵਜੋਂ ਹੋਈ ਹੈ। ਇਸ ਹਾਦਸੇ ਮਗਰੋਂ ਜੋਨਾਥਨ ਨੂੰ ਨਿਊਯਾਰਕ ਦੇ ਜਮਾਇਕਾ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸੋਮਵਾਰ ਸ਼ਾਮ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਇਸ ਪੁਲਸ ਅਧਿਕਾਰੀ ਦੀ ਮੌਤ ਬਾਰੇ ਪੁਸ਼ਟੀ ਕੀਤੀ। ਪੁਲਸ ਕਮਿਸ਼ਨਰ ਐਡਵਰਡ ਕੈਬਨ ਨੇ ਘਟਨਾ ਸਬੰਧੀ ਜਾਣਕਾਰੀ ਵਿਚ ਦੱਸਿਆ ਕਿ ਟ੍ਰੈਫਿਕ ਸਟਾਪ 'ਤੇ ਜੋਨਾਥਨ ਵਾਹਨਾਂ ਦੀ ਜਾਂਚ ਕਰ ਰਿਹਾ ਸੀ। ਇਸ ਦੌਰਾਨ ਜਿਵੇਂ ਹੀ ਉਹ ਇਕ ਵਾਹਨ ਦੇ ਨੇੜੇ ਪਹੁੰਚਿਆ ਤਾਂ ਉਸ ਨੇ ਸ਼ੱਕੀ ਵਿਅਕਤੀ ਨੂੰ ਕਾਰ ਵਿਚੋਂ ਬਾਹਰ ਨਿਕਲਣ ਲਈ ਕਈ ਵਾਰ ਕਾਨੂੰਨੀ ਆਦੇਸ਼ ਦਿੱਤਾਪਰ ਉਸ ਨੇ ਕਾਰ ਵਿਚੋਂ ਨਿਕਲਣ ਤੋਂ ਇਨਕਾਰ ਕਰ ਦਿੱਤਾ, ਜਿਸ ਮਗਰੋਂ ਜੋਨਾਥਨ ਨੇ ਖੁਦ ਉਸ ਨੂੰ ਕਾਰ ਵਿਚੋਂ ਬਾਹਰ ਕੱਢਿਆ ਤਾਂ ਉਸ ਨੇ ਪੁਲਸ ਅਧਿਕਾਰੀ ਨੂੰ ਗੋਲੀ ਮਾਰ ਦਿੱਤੀ। ਇਸ ਮਗਰੋਂ ਮੌਕੇ 'ਤੇ ਮੌਜੂਦ ਹੋਰ ਪੁਲਸ ਮੁਲਾਜ਼ਮਾਂ ਦੀ ਜਵਾਬੀ ਕਾਰਵਾਈ ਵਿਚ ਹਥਿਆਰਬੰਦ ਸ਼ੱਕੀ ਵੀ ਜ਼ਖ਼ਮੀ ਹੋ ਗਿਆ, ਜਿਸ ਨੂੰ ਬਾਅਦ ਵਿਚ ਜਮਾਇਕਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

# ਅਮਰੀਕਾ 'ਚ ਵਾਪਰੀ ਛੁਰੇਬਾਜ਼ੀ ਦੀ ਘਟਨਾ, 4 ਲੋਕਾਂ ਦੀ ਮੌਤ



ਅਮਰੀਕਾ ਦੇ ਉੱਤਰੀ ਇਲੀਨੋਇਸ ਵਿੱਚ ਚਾਕੂ ਨਾਲ ਹਮਲੇ ਦੀ ਘਟਨਾ ਵਿੱਚ 4 ਲੋਕਾਂ ਦੀ ਮੌਤ ਹੋ ਗਈ ਅਤੇ 7 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਰੌਕਫੋਰਡ ਪੁਲਸ ਮੁਖੀ ਕਾਰਲਾ ਰੇਡ ਨੇ ਕਿਹਾ ਕਿ 22 ਸਾਲਾ ਸ਼ੱਕੀ ਪੁਲਸ ਹਿਰਾਸਤ ਵਿਚ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਇੱਕ ਵਿਅਕਤੀ ਦੀ ਹਾਲਤ ਗੰਭੀਰ ਬਣੀ ਹੋਈ ਹੈ। ਰੇਡ ਨੇ ਪੱਤਰਕਾਰਾਂ ਨੂੰ ਕਿਹਾ, 'ਮੇਰੀ ਹਮਦਰਦੀ ਇਸ ਸਮੇਂ ਪੀੜਤ ਪਰਿਵਾਰਾਂ ਦੇ ਨਾਲ ਹੈ।'ਉਨ੍ਹਾਂ ਕਿਹਾ ਕਿ ਰੌਕਫੋਰਡ ਪੁਲਸ ਨੂੰ ਬੁੱਧਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ 1.14 ਵਜੇ ਪਹਿਲੀ ਕਾਲ ਆਈ, ਇਸ ਤੋਂ ਬਾਅਦ ਕਈ ਹੋਰ ਕਾਲਾਂ ਆਈਆਂ। ਪੁਲਸ ਮੁਖੀ ਨੇ ਕਿਹਾ ਕਿ ਫਿਲਹਾਲ ਇਸ ਘਟਨਾ ਵਿੱਚ ਕਿਸੇ ਹੋਰ ਦੇ ਸ਼ਾਮਲ ਹੋਣ ਦਾ ਸ਼ੱਕ ਨਹੀਂ ਹੈ ਅਤੇ "ਸਾਨੂੰ ਸ਼ੱਕੀ ਦੇ ਇਰਾਦੇ ਬਾਰੇ ਅਜੇ ਕੋਈ ਨਹੀਂ ਪਤਾ ਹੈ ਕਿ ਉਸ ਨੇ ਅਜਿਹੇ ਘਿਨਾਉਣੇ ਅਪਰਾਧ ਨੂੰ ਕਿਉਂ ਅੰਜਾਮ ਦਿੱਤਾ।" ਰੌਕਫੋਰਡ ਪੁਲਸ ਨੇ ਸ਼ੁਰੂਆਤ ਵਿੱਚ ਇਸ ਘਟਨਾ ਵਿੱਚ 5 ਲੋਕਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਦਿੱਤੀ ਸੀ, ਪਰ ਵਿਨੇਬਾਗੋ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਲੋਕ ਸੰਪਰਕ ਅਧਿਕਾਰੀ ਕੋਰੀ ਹਿਲੀਅਰਡ ਨੇ ਸ਼ਾਮ ਨੂੰ ਕਿਹਾ ਕਿ ਕੁੱਲ 7 ਲੋਕ ਜ਼ਖ਼ਮੀ ਹੋਏ ਹਨ।

# ਮੈਕਸੀਕੋ ਦੇ 19 ਸੂਬਿਆਂ ਦੇ 120 ਜੰਗਲਾਂ 'ਚ ਫੈਲੀ ਅੱਗ

ਮੈਕਸੀਕੋ ਵਿਚ 19 ਸੂਬਿਆਂ ਦੇ 120 ਜੰਗਲਾਂ ਵਿਚ ਅੱਗ ਲੱਗਣ ਦੇ ਮਾਮਲੇ ਦਰਜ ਕੀਤੇ ਗਏ ਹਨ। ਜੰਗਲ ਦੀ ਅੱਗ ਨਾਲ 7,137 ਹੈਕਟੇਅਰ ਜ਼ਮੀਨ ਪ੍ਰਭਾਵਿਤ ਹੋਈ ਹੈ। ਮੈਕਸੀਕੋ ਸਰਕਾਰ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਨੈਸ਼ਨਲ ਫੋਰੈਸਟਰੀ ਕਮਿਸ਼ਨ (ਕੋਨਾਫੋਰ) ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੇ 19 ਰਾਜਾਂ ਵਿੱਚ 120 ਜੰਗਲਾਂ ਵਿੱਚ ਅੱਗ ਲੱਗੀ ਹੋਈ ਹੈ। ਜਿਸ ਵਿੱਚ ਹਿਡਾਲਗੋ ਪ੍ਰਾਂਤ ਅੱਗ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਜਿੱਥੇ ਹੁਣ ਤੱਕ 1,874 ਹੈਕਟੇਅਰ ਖੇਤਰ ਅੱਗ ਦੀ ਲਪੇਟ ਵਿੱਚ ਆ ਚੁੱਕਾ ਹੈ। ਕੋਨਾਫੋਰ ਦੀ ਮੁੱਢਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੰਗਲਾਂ ਵਿੱਚ ਖੁੱਲ੍ਹੇ ਖੇਤਾਂ ਵਿੱਚ ਅੱਗ ਲੱਗਣ ਦੇ ਖੇਤਰ ਬਾਰੇ ਅੰਕੜੇ ਅਜੇ ਵੀ ਉਪਲਬਧ ਨਹੀਂ ਹਨ। ਹਾਲ ਹੀ ਦੇ ਦਿਨਾਂ ਵਿੱਚ 42 ਸਥਾਨਾਂ 'ਤੇ ਅੱਗ 'ਤੇ ਕਾਬੂ ਪਾਇਆ ਗਿਆ ਹੈ, ਸ਼ੁਰੂਆਤੀ ਰਿਪੋਰਟਾਂ ਦੇ ਨਾਲ 2,608 ਹੈਕਟੇਅਰ ਜ਼ਮੀਨ ਨੂੰ ਪ੍ਰਭਾਵਿਤ ਕੀਤਾ ਗਿਆ ਹੈ। ਮੈਕਸੀਕੋ ਦੇ ਰਾਸ਼ਟਰਪਤੀ ਆਂਡਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੁੱਲ 6,000 ਮੈਕਸੀਕਨ ਸੈਨਿਕ ਅਤੇ ਮਰੀਨ ਦੇ ਨਾਲ-ਨਾਲ ਸਿਵਲ ਡਿਫੈਂਸ ਅਤੇ ਕੋਨਾਫੋਰ ਕਰਮਚਾਰੀ ਜੰਗਲ ਦੀ ਅੱਗ 'ਤੇ ਕਾਬੂ ਪਾਉਣ ਲਈ ਕੰਮ ਕਰ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਫਿਲਹਾਲ ਅੱਗ ਤੋਂ ਆਬਾਦੀ ਵਾਲੇ ਖੇਤਰ ਨੂੰ ਕੋਈ ਖਤਰਾ ਨਹੀਂ ਹੈ।



# ਆਸਟ੍ਰੇਲੀਆ ਨਾਲ ਸਬੰਧਾਂ 'ਚ ਸੁਧਾਰ ਲਈ ਚੀਨ ਨੇ ਕੀਤਾ ਅਹਿਮ ਐਲਾਨ

ਚੀਨ ਨੇ ਵੀਰਵਾਰ ਨੂੰ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਸੁਧਾਰਨ ਦੇ ਸੰਕੇਤ ਵਜੋਂ ਤਿੰਨ ਸਾਲ ਪਹਿਲਾਂ ਆਸਟ੍ਰੇਲੀਆਈ ਵਾਈਨ 'ਤੇ ਲਗਾਏ ਗਏ ਟੈਰਿਫ ਨੂੰ ਹਟਾ ਦੇਵੇਗਾ। ਚੀਨ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਇਹ ਫ਼ੈਸਲਾ ਸ਼ੁੱਕਰਵਾਰ ਤੋਂ ਲਾਗੂ ਹੋਵੇਗਾ। ਚੀਨ ਨੇ ਕੂਟਨੀਤਕ ਝਗੜੇ ਦੌਰਾਨ 2020 ਵਿੱਚ ਆਸਟ੍ਰੇਲੀਆਈ ਵਾਈਨ 'ਤੇ ਟੈਰਿਫ ਲਗਾਇਆ, ਜਿਸ ਨਾਲ ਡਿਊਟੀਆਂ 200 ਪ੍ਰਤੀਸ਼ਤ ਤੋਂ ਵੱਧ ਗਈਆਂ ਸਨ। ਇਸ ਫ਼ੈਸਲੇ ਨਾਲ ਆਸਟ੍ਰੇਲੀਅਨ ਵਾਈਨ ਮਾਰਕੀਟ ਨੂੰ ਟੈਰਿਫ ਤੋਂ ਭਾਰੀ ਸੱਟ ਲੱਗੀ ਕਿਉਂਕਿ ਚੀਨ ਆਸਟ੍ਰੇਲੀਆ ਦਾ ਪ੍ਰਮੁੱਖ ਵਾਈਨ ਨਿਰਯਾਤ ਸਥਾਨ ਸੀ। ਦੁਵੱਲੇ ਸਬੰਧਾਂ ਵਿੱਚ ਸਭ ਤੋਂ ਤਾਜ਼ਾ ਗਿਰਾਵਟ ਦੌਰਾਨ ਚੀਨ ਦੁਆਰਾ 2020 ਵਿੱਚ ਆਸਟ੍ਰੇਲੀਆਈ ਵਸਤੂਆਂ 'ਤੇ ਪਾਬੰਦੀਆਂ ਲਗਾਉਣ ਤੋਂ ਬਾਅਦ ਹਾਲ ਹੀ ਦੇ ਸਾਲਾਂ ਵਿੱਚ ਬੀਜਿੰਗ ਅਤੇ ਕੈਨਬਰਾ ਵਿਚਕਾਰ ਵਪਾਰਕ ਟੈਰਿਫ ਇੱਕ ਗਰਮ ਵਿਸ਼ਾ ਰਿਹਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਟੈਰਿਫਾਂ ਕਾਰਨ ਆਸਟ੍ਰੇਲੀਆਈ ਆਰਥਿਕਤਾ ਨੂੰ 20 ਬਿਲੀਅਨ ਆਸਟ੍ਰੇਲੀਅਨ ਡਾਲਰ (13 ਬਿਲੀਅਨ ਡਾਲਰ) ਦਾ ਨੁਕਸਾਨ ਹੋਇਆ ਹੈ। ਰਿਸ਼ਤੇ ਵਿਚ ਸੁਧਾਰ ਮਗਰੋਂ ਜ਼ਿਆਦਾਤਰ ਟੈਰਿਫ ਹਟਾ ਦਿੱਤੇ ਗਏ ਹਨ।




# ਸ਼੍ਰੀਲੰਕਾ ਦੇ ਪ੍ਰਧਾਨ ਮੰਤਰੀ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਕੀਤੀ ਮੁਲਾਕਾਤ



ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼੍ਰੀਲੰਕਾ ਦੀ ਸਿਆਸੀ ਅਤੇ ਸਮਾਜਿਕ-ਆਰਥਿਕ ਤਰੱਕੀ ਦੀਆਂ ਕੋਸ਼ਿਸ਼ਾਂ ਲਈ ਪ੍ਰਧਾਨ ਮੰਤਰੀ ਦਿਨੇਸ਼ ਗੁਣਾਵਰਧਨੇ ਨੂੰ ਲਗਾਤਾਰ ਸਮਰਥਨ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸ਼੍ਰੀਲੰਕਾ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਬਚਾਉਣ ਲਈ ਬੀਜਿੰਗ ਨਾਲ ਖੜ੍ਹਾ ਰਹੇਗਾ। ਪ੍ਰਧਾਨ ਮੰਤਰੀ ਦਫਤਰ ਨੇ ਵੀਰਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਚੀਨ ਅਤੇ ਸ਼੍ਰੀਲੰਕਾ ਨੇ ਬੀਜਿੰਗ ਦੇ ਗ੍ਰੇਟ ਹਾਲ ਵਿਚ ਸ਼ੀ ਅਤੇ ਗੁਣਾਵਰਦੇਨਾ ਵਿਚਕਾਰ ਮੁਲਾਕਾਤ ਦੌਰਾਨ ਦੋਸਤੀ, ਸ਼ਾਂਤੀ, ਆਪਸੀ ਸਨਮਾਨ ਅਤੇ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਦੇ ਅੰਤਰਰਾਸ਼ਟਰੀ ਸਿਧਾਂਤਾਂ ਦੇ ਤਹਿਤ ਕੰਮ ਕਰਨਾ ਜਾਰੀ ਰੱਖਣ ਲਈ ਸਹਿਮਤੀ ਦਿੱਤੀ। ਬਿਆਨ ਅਨੁਸਾਰ, "ਚੀਨੀ ਰਾਸ਼ਟਰਪਤੀ ਨੇ ਸ਼੍ਰੀਲੰਕਾ ਦੇ ਰਾਜਨੀਤਿਕ ਅਤੇ ਸਮਾਜਿਕ-ਆਰਥਿਕ ਪ੍ਰਗਤੀ ਦੇ ਯਤਨਾਂ ਲਈ ਚੀਨ ਦੇ ਨਿਰੰਤਰ ਸਮਰਥਨ ਦਾ ਭਰੋਸਾ ਦਿੱਤਾ। ਚੀਨੀ ਰਾਸ਼ਟਰਪਤੀ ਨੇ ਕਿਹਾ ਕਿ ਚੀਨ ਸ਼੍ਰੀਲੰਕਾ ਦੀ ਆਜ਼ਾਦੀ, ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਲਈ ਹਮੇਸ਼ਾ ਖੜ੍ਹਾ ਰਹੇਗਾ।

# ਇਸ ਸਾਲ ਦੇ ਸ਼ੁਰੂਆਤੀ ਤਿੰਨ ਮਹੀਨਿਆਂ ਚ 4,600 ਤੋਂ ਵੱਧ ਸ਼ਰਨਾਰਥੀ ਪਹੁੰਚੇ ਬ੍ਰਿਟੇਨ



ਇਸ ਸਾਲ ਹੁਣ ਤੱਕ ਦੁਨੀਆ ਭਰ ਤੋਂ 4,600 ਤੋਂ ਵੱਧ ਸ਼ਰਨਾਰਥੀ ਛੋਟੀਆਂ ਕਿਸ਼ਤੀਆਂ ਜ਼ਰੀਏ ਬ੍ਰਿਟੇਨ ਪਹੁੰਚ ਚੁੱਕੇ ਹਨ, ਜੋ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦਾ ਰਿਕਾਰਡ ਹੈ। ਗ੍ਰਹਿ ਮੰਤਰਾਲੇ ਦੁਆਰਾ ਬੁੱਧਵਾਰ ਨੂੰ ਜਾਰੀ ਕੀਤੇ ਗਏ ਅਸਥਾਈ ਅੰਕੜਿਆਂ ਅਨੁਸਾਰ ਇਸ ਸਾਲ 26 ਮਾਰਚ ਤੱਕ, 4,644 ਲੋਕ ਛੋਟੀਆਂ ਕਿਸ਼ਤੀਆਂ ਜਿਵੇਂ ਕਿ ਹਵਾ ਭਰਨ ਯੋਗ ਕਿਸ਼ਤੀਆਂ ਵਿੱਚ ਚੈਨਲ ਪਾਰ ਕਰਦੇ ਪਾਏ ਗਏ ਸਨ। ਪਿਛਲੇ ਸਾਲ ਦੀ ਇਸੇ ਮਿਆਦ 'ਚ 3,770 ਸ਼ਰਨਾਰਥੀ ਅਤੇ 2022 ਦੀ ਇਸੇ ਮਿਆਦ 'ਚ 4,162 ਸ਼ਰਨਾਰਥੀ ਬ੍ਰਿਟੇਨ ਪਹੁੰਚੇ ਸਨ। ਇਸ ਸਾਲ ਬ੍ਰਿਟੇਨ ਪਹੁੰਚਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਹੁਣ ਤੱਕ ਦੀ ਸਭ ਤੋਂ ਵੱਧ ਹੈ, ਜਿਸ ਨਾਲ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਲਈ ਨਵੀਂ ਸਿਆਸੀ ਚੁਣੌਤੀ ਪੈਦਾ ਹੋ ਗਈ ਹੈ। ਪੀ.ਐੱਮ. ਸੁਨਕ ਨੂੰ ਉਮੀਦ ਹੈ ਕਿ ਬ੍ਰਿਟੇਨ ਵਿਚ ਬਿਨਾਂ ਇਜਾਜ਼ਤ ਆਉਣ ਵਾਲੇ ਲੋਕਾਂ ਨੂੰ ਰਵਾਂਡਾ ਭੇਜਣ ਦੀ ਉਸਦੀ ਵੱਡੀ ਯੋਜਨਾ ਲੋਕਾਂ ਨੂੰ ਚੈਨਲ ਦੇ ਖਤਰਨਾਕ ਚੈਨਲ ਪਾਰ ਕਰਨ ਤੋਂ ਰੋਕ ਦੇਵੇਗੀ। ਕਈ ਕਾਨੂੰਨੀ ਝਟਕਿਆਂ ਤੋਂ ਬਾਅਦ ਇਸ ਸਕੀਮ ਨੂੰ ਸ਼ੁਰੂ ਕਰਨ ਅਤੇ ਚਲਾਉਣ ਦਾ ਉਦੇਸ਼ ਨਾਲ ਸਬੰਧਤ ਕਾਨੂੰਨ ਅਗਲੇ ਮਹੀਨੇ ਸੰਸਦ ਵਿੱਚ ਦੁਬਾਰਾ ਪੇਸ਼ ਕੀਤਾ ਜਾਣਾ ਹੈ।

# ਪੰਜਾਂ ਪਾਂਡਵਾਂ ਵਿੱਚੋਂ ਕਦੋਂ, ਕਿਸਦਾ ਅਤੇ ਕਿਸ ਪਾਪ ਕਾਰਨ ਸਵਰਗ ਦੇ ਰਾਹ ਪਿਆ।



ਮਹਾਭਾਰਤ ਦੇ ਯੁੱਧ ਦੀ ਸਮਾਪਤੀ ਤੋਂ ਬਾਅਦ, ਸਾਰੇ ਪਾਂਡਵ ਸਰੀਰਕ ਤੌਰ 'ਤੇ ਸਵਰਗ ਚਲੇ ਗਏ। ਸਵਰਗ ਦਾ ਅਰਥ ਹੈ ਹਿਮਾਲਿਆ ਦਾ ਕੁਝ ਖੇਤਰ ਜਿੱਥੇ ਇੰਦਰਾਦੀ ਨੇ ਰਾਜ ਕੀਤਾ। ਜਦੋਂ ਪੰਜ ਪਾਂਡਵ ਆਪਣਾ ਰਾਜ ਪਰੀਕਸ਼ਤ ਨੂੰ ਸੌਂਪ ਕੇ ਸਵਰਗ ਦੀ ਕਠਿਨ ਯਾਤਰਾ ਕਰ ਰਹੇ ਸਨ ਤਾਂ ਇਸ ਯਾਤਰਾ ਵਿੱਚ ਦ੍ਰੋਪਦੀ ਵੀ ਉਨ੍ਹਾਂ ਦੇ ਨਾਲ ਸੀ। ਹਰ ਕੋਈ ਚਾਹੁੰਦਾ ਸੀ ਕਿ ਅਸੀਂ ਸਰੀਰਕ ਤੌਰ 'ਤੇ ਸਵਰਗ ਪਹੁੰਚੀਏ। ਪਰ ਰਸਤੇ ਵਿਚ ਕੁਝ ਅਜਿਹਾ ਹੋਇਆ ਕਿ ਇਕ-ਇਕ ਕਰਕੇ ਪਾਂਡਵ ਹੇਠਾਂ ਡਿੱਗ ਪਏ ਅਤੇ ਮਰ ਗਏ।

ਯਾਤਰਾ ਦੌਰਾਨ, ਜਦੋਂ ਪਾਂਡਵ ਬ੍ਰਾਡੀਨਾਥ ਪਹੁੰਚੇ ਅਤੇ ਉਥੋਂ ਅੱਗੇ ਵਧੇ ਤਾਂ ਦਰੋਪਦੀ ਲਈ ਸਰਸਵਤੀ ਨਦੀ ਦੇ ਸਰੋਤ 'ਤੇ ਨਦੀ ਨੂੰ ਪਾਰ ਕਰਨਾ ਮੁਸ਼ਕਲ ਹੋ ਗਿਆ। ਅਜਿਹੇ ਸਮੇਂ ਭੀਮ ਨੇ ਇੱਕ ਵੱਡੀ ਚੱਟਾਨ ਚੁੱਕ ਕੇ ਨਦੀ ਦੇ ਵਿਚਕਾਰ ਸੁੱਟ ਦਿੱਤੀ। ਦਰੋਪਦੀ ਨੇ ਇਸ ਚੱਟਾਨ 'ਤੇ ਚੱਲ ਕੇ ਸਰਸਵਤੀ ਨਦੀ ਨੂੰ ਪਾਰ ਕੀਤਾ। ਕਿਹਾ ਜਾਂਦਾ ਹੈ ਕਿ ਇਹ ਚੱਟਾਨ ਅੱਜ ਵੀ ਮਾਨਾ ਪਿੰਡ ਵਿੱਚ ਸਰਸਵਤੀ ਦੇ ਮੂਲ ਸਥਾਨ 'ਤੇ ਦੇਖੀ ਜਾ ਸਕਦੀ ਹੈ। ਇਸ ਨੂੰ ਇਸ ਵੇਲੇ ਭੀਮਾ ਪੁਲ ਕਿਹਾ ਜਾਂਦਾ ਹੈ।

ਹਾਲਾਂਕਿ, ਮਹਾਭਾਰਤ ਦੀ ਕਹਾਣੀ ਦੇ ਅਨੁਸਾਰ, ਪੰਜ ਪਾਂਡਵ, ਦ੍ਰੋਪਦੀ ਅਤੇ ਇੱਕ ਕੁੱਤਾ ਅੱਗੇ ਤੁਰਨ ਲੱਗੇ। ਇਕ ਥਾਂ 'ਤੇ ਦ੍ਰੋਪਦੀ ਖਹਿਬੜ ਕੇ ਡਿੱਗ ਪਈ। ਦ੍ਰੋਪਦੀ ਨੂੰ ਡਿੱਗਦਾ ਦੇਖ ਕੇ ਭੀਮ ਨੇ ਯੁਧਿਸ਼ਠਿਰ ਨੂੰ ਪੁੱਛਿਆ ਕਿ ਦਰੋਪਦੀ ਨੇ ਕਦੇ ਕੋਈ ਪਾਪ ਨਹੀਂ ਕੀਤਾ, ਫਿਰ ਉਹ ਡਿੱਗਣ ਦਾ ਕੀ ਕਾਰਨ ਸੀ? ਯੁਧਿਸ਼ਠਰ ਨੇ ਕਿਹਾ- ਦਰੋਪਦੀ ਸਾਡੇ ਸਾਰਿਆਂ ਨਾਲੋਂ ਅਰਜੁਨ ਨੂੰ ਪਿਆਰ ਕਰਦੀ ਸੀ। ਇਸੇ ਕਾਰਨ ਉਸ ਨਾਲ ਅਜਿਹਾ ਹੋਇਆ। ਇਹ ਕਹਿ ਕੇ ਯੁਧਿਸ਼ਠਰ ਦ੍ਰੋਪਦੀ ਵੱਲ ਦੇਖੇ ਬਿਨਾਂ ਅੱਗੇ ਵਧ ਗਏ।

ਲੋਕ-ਕਥਾਵਾਂ ਅਨੁਸਾਰ ਸਵਰਗ ਦੀ ਯਾਤਰਾ ਦੌਰਾਨ ਦ੍ਰੋਪਦੀ ਭੀਮ ਦੇ ਸਹਾਰੇ ਤੁਰਨ ਲੱਗੀ ਪਰ ਦ੍ਰੋਪਦੀ ਜ਼ਿਆਦਾ ਦੂਰ ਨਾ ਤੁਰ ਸਕੀ ਅਤੇ ਉਹ ਵੀ ਡਿੱਗਣ ਲੱਗੀ। ਅਜਿਹੇ ਸਮੇਂ ਭੀਮ ਨੇ ਦ੍ਰੋਪਦੀ ਦੀ ਦੇਖਭਾਲ ਕੀਤੀ। ਉਸ ਸਮੇਂ ਦਰੋਪਦੀ ਨੇ ਕਿਹਾ - ਸਾਰੇ ਭਰਾਵਾਂ ਵਿੱਚੋਂ ਭੀਮ ਨੇ ਮੈਨੂੰ ਸਭ ਤੋਂ ਵੱਧ ਪਿਆਰ ਕੀਤਾ ਹੈ ਅਤੇ ਮੈਂ ਅਗਲੇ ਜਨਮ ਵਿੱਚ ਫਿਰ ਭੀਮ ਦੀ ਪਤਨੀ ਬਣਨਾ ਚਾਹਾਂਗੀ।

ਕੁਝ ਸਮੇਂ ਬਾਅਦ ਸਹਿਦੇਵ ਵੀ ਹੇਠਾਂ ਡਿੱਗ ਪਿਆ। ਫਿਰ ਭੀਮ ਨੇ ਪੁੱਛਿਆ ਕਿ ਸਹਿਦੇਵ ਕਿਉਂ ਡਿੱਗ ਪਿਆ? ਯੁਧਿਸ਼ਠਰ ਨੇ ਕਿਹਾ - ਸਹਿਦੇਵ ਨੇ ਕਿਸੇ ਨੂੰ ਵੀ ਆਪਣੇ ਵਰਗਾ ਵਿਦਵਾਨ ਨਹੀਂ ਸਮਝਿਆ, ਇਸ ਨੁਕਸ ਕਾਰਨ ਉਸ ਨੂੰ ਡਿੱਗਣਾ ਪਿਆ। ਕੁਝ ਸਮੇਂ ਬਾਅਦ ਨਕੁਲ ਵੀ ਹੇਠਾਂ ਡਿੱਗ ਪਿਆ। ਭੀਮ ਦੇ ਪੁੱਛਣ 'ਤੇ ਯੁਧਿਸ਼ਠਰ ਨੇ ਦੱਸਿਆ ਕਿ ਨਕੁਲ ਨੂੰ ਆਪਣੀ ਸ਼ਕਲ 'ਤੇ ਬਹੁਤ ਮਾਣ ਸੀ। ਇਸੇ ਲਈ ਅੱਜ ਇਹ ਇਸ ਗਤੀ 'ਤੇ ਪਹੁੰਚ ਗਿਆ ਹੈ।

ਕੁਝ ਸਮੇਂ ਬਾਅਦ ਅਰਜੁਨ ਵੀ ਹੇਠਾਂ ਡਿੱਗ ਪਿਆ। ਯੁਧਿਸ਼ਠਰ ਨੇ ਭੀਮ ਨੂੰ ਕਿਹਾ - ਅਰਜੁਨ ਨੂੰ ਆਪਣੀ ਬਹਾਦਰੀ 'ਤੇ ਮਾਣ ਸੀ। ਅਰਜੁਨ ਨੇ ਕਿਹਾ ਸੀ ਕਿ ਉਹ ਇੱਕ ਦਿਨ ਵਿੱਚ ਦੁਸ਼ਮਣਾਂ ਦਾ ਨਾਸ਼ ਕਰ ਦੇਵੇਗਾ, ਪਰ ਅਜਿਹਾ ਨਹੀਂ ਕਰ ਸਕਿਆ। ਉਸ ਦੇ ਹੰਕਾਰ ਕਾਰਨ ਹੀ ਅੱਜ ਅਰਜੁਨ ਦੀ ਇਹ ਹਾਲਤ ਹੈ। ਇਹ ਕਹਿ ਕੇ ਯੁਧਿਸ਼ਠਰ ਅੱਗੇ ਵਧਿਆ।

ਥੋੜ੍ਹਾ ਅੱਗੇ ਤੁਰ ਕੇ ਭੀਮ ਵੀ ਹੇਠਾਂ ਡਿੱਗ ਪਿਆ। ਫਿਰ ਜਦੋਂ ਭੀਮ ਨੇ ਯੁਧਿਸ਼ਠਿਰ ਨੂੰ ਡਿੱਗਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਬਹੁਤ ਜ਼ਿਆਦਾ ਖਾਂਦੇ ਸਨ ਅਤੇ ਆਪਣੀ ਤਾਕਤ ਦਾ ਝੂਠਾ ਪ੍ਰਦਰਸ਼ਨ ਕਰਦੇ ਸਨ। ਇਸੇ ਲਈ ਅੱਜ ਤੁਹਾਨੂੰ ਜ਼ਮੀਨ 'ਤੇ ਡਿੱਗਣਾ ਪਿਆ। ਇਹ ਕਹਿ ਕੇ ਯੁਧਿਸ਼ਠਰ ਅੱਗੇ ਵਧਿਆ। ਸਿਰਫ਼ ਉਹੀ ਕੁੱਤਾ ਉਨ੍ਹਾਂ ਦੇ ਨਾਲ ਤੁਰਦਾ ਰਿਹਾ।

ਯੁਧਿਸ਼ਠਿਰ ਥੋੜੀ ਦੂਰੀ ਹੀ ਤੁਰਿਆ ਸੀ ਜਦੋਂ ਭਗਵਾਨ ਇੰਦਰ ਖੁਦ ਉਨ੍ਹਾਂ ਨੂੰ ਸਵਰਗ ਵਿੱਚ ਲੈ ਜਾਣ ਲਈ ਆਪਣੇ ਰੱਥ ਨਾਲ ਆਏ। ਤਦ ਯੁਧਿਸ਼ਠਰ ਨੇ ਇੰਦਰ ਨੂੰ ਕਿਹਾ - ਮੇਰਾ ਭਰਾ ਅਤੇ ਦਰੋਪਦੀ ਰਸਤੇ ਵਿੱਚ ਡਿੱਗ ਪਏ ਹਨ। ਅਜਿਹਾ ਪ੍ਰਬੰਧ ਕਰੋ ਕਿ ਉਹ ਵੀ ਸਾਡੇ ਨਾਲ ਆਉਣ। ਤਦ ਇੰਦਰ ਨੇ ਕਿਹਾ ਕਿ ਇਹ ਸਾਰੇ ਆਪਣੇ ਸਰੀਰ ਤਿਆਗ ਕੇ ਸਵਰਗ ਵਿੱਚ ਜਾ ਚੁੱਕੇ ਹਨ ਪਰ ਤੁਸੀਂ ਸਰੀਰਕ ਰੂਪ ਵਿੱਚ ਸਵਰਗ ਵਿੱਚ ਜਾਵੋਗੇ।

ਇੰਦਰ ਦੀ ਗੱਲ ਸੁਣ ਕੇ ਯੁਧਿਸ਼ਠਰ ਨੇ ਕਿਹਾ ਕਿ ਇਹ ਕੁੱਤਾ ਵੀ ਉਸ ਦੇ ਨਾਲ ਜਾਵੇਗਾ ਪਰ ਇੰਦਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਕਾਫੀ ਦੇਰ ਤੱਕ ਸਮਝਾਉਣ ਦੇ ਬਾਵਜੂਦ ਵੀ ਜਦੋਂ ਯੁਧਿਸ਼ਠਰ ਬਿਨਾਂ ਕੁੱਤੇ ਦੇ ਸਵਰਗ ਜਾਣ ਲਈ ਰਾਜ਼ੀ ਨਹੀਂ ਹੋਏ ਤਾਂ ਯਮਰਾਜ ਕੁੱਤੇ ਦੇ ਰੂਪ ਵਿੱਚ ਆਪਣੇ ਅਸਲੀ ਰੂਪ ਵਿੱਚ ਪ੍ਰਗਟ ਹੋਏ। ਯੁਧਿਸ਼ਠਿਰ ਨੂੰ ਆਪਣੇ ਧਰਮ ਵਿੱਚ ਸਥਾਪਿਤ ਦੇਖ ਕੇ ਯਮਰਾਜ ਖੁਸ਼ ਹੋਏ। ਇਸ ਤੋਂ ਬਾਅਦ ਇੰਦਰ ਅਤੇ ਯੁਧਿਸ਼ਠਰ ਰੱਥ ਵਿੱਚ ਸਵਾਰ ਹੋ ਕੇ ਸਵਰਗ ਵੱਲ ਰਵਾਨਾ ਹੋਏ।

# ਜਦੋਂ ਕਰਨ ਨੇ ਸ਼੍ਰੀ ਕ੍ਰਿਸ਼ਨ ਨੂੰ ਪੁੱਛਿਆ ਕਿ ਮੇਰਾ ਕੀ ਕਸੂਰ ਸੀ?



- ਮੇਰੀ ਮਾਂ ਨੇ ਮੈਨੂੰ ਜਨਮ ਲੈਂਦੇ ਹੀ ਛੱਡ ਦਿੱਤਾ। ਕੀ ਨਜਾਇਜ਼ ਬੱਚਾ ਪੈਦਾ ਕਰਨਾ ਮੇਰਾ ਕਸੂਰ ਸੀ?
- ਦਰੋਣਾਚਾਰੀਆ ਨੇ ਮੈਨੂੰ ਨਹੀਂ ਸਿਖਾਇਆ ਕਿਉਂਕਿ ਮੈਂ ਖੱਤਰੀ ਪੁੱਤਰ ਨਹੀਂ ਸੀ।
- ਹਾਲਾਂਕਿ ਪਰਸ਼ੂਰਾਮ ਜੀ ਨੇ ਮੈਨੂੰ ਸਿਖਾਇਆ, ਉਨ੍ਹਾਂ ਨੇ ਮੈਨੂੰ ਸਰਾਪ ਦਿੱਤਾ ਕਿ ਜਿਸ ਸਮੇਂ ਮੈਨੂੰ ਉਸ ਗਿਆਨ ਦੀ ਸਭ ਤੋਂ ਵੱਧ ਲੋੜ ਸੀ, ਮੈਂ ਇਸਨੂੰ ਭੁੱਲ ਜਾਵਾਂਗਾ। ਕਿਉਂਕਿ ਉਨ੍ਹਾਂ ਅਨੁਸਾਰ ਮੈਂ ਖੱਤਰੀ ਨਹੀਂ ਸੀ।
- ਇਤਫਾਕ ਨਾਲ ਇੱਕ ਗਾਂ ਮੇਰੇ ਤੀਰ ਨਾਲ ਲੱਗ ਗਈ ਅਤੇ ਉਸ ਦੇ ਮਾਲਕ ਨੇ ਮੈਨੂੰ ਸਰਾਪ ਦਿੱਤਾ ਭਾਵੇਂ ਮੇਰਾ ਕੋਈ ਕਸੂਰ ਨਹੀਂ ਸੀ।
- ਦ੍ਰੋਪਦੀ ਸਵਯੰਵਰ ਵਿੱਚ ਮੇਰਾ ਅਪਮਾਨ ਹੋਇਆ।
- ਮਾਤਾ ਕੁੰਤੀ ਨੇ ਆਪਣੇ ਦੂਜੇ ਪੁੱਤਰਾਂ ਨੂੰ ਬਚਾਉਣ ਲਈ ਆਖਰਕਾਰ ਮੈਨੂੰ ਮੇਰੇ ਜਨਮ ਦਾ ਰਾਜ਼ ਦੱਸਿਆ।
- ਮੈਂ ਜੋ ਵੀ ਪ੍ਰਾਪਤ ਕੀਤਾ ਹੈ, ਉਹ ਦੁਰਯੋਧਨ ਤੋਂ ਹੀ ਪ੍ਰਾਪਤ ਹੋਇਆ ਹੈ।
- ਇਸ ਲਈ, ਜੇ ਮੈਂ ਉਸ ਦੇ ਪੱਖ ਵਿਚ ਲੜਦਾ ਹਾਂ ਤਾਂ ਮੈਂ ਕਿੱਥੇ ਗਲਤ ਹਾਂ?
- ਕ੍ਰਿਸ਼ਨ ਨੇ ਜਵਾਬ ਦਿੱਤਾ:
- ਕਰਨ, ਮੇਰਾ ਜਨਮ ਜੇਲ੍ਹ ਵਿੱਚ ਹੋਇਆ ਸੀ।
- ਜਨਮ ਤੋਂ ਪਹਿਲਾਂ ਵੀ ਮੌਤ ਮੇਰੀ ਉਡੀਕ ਕਰ ਰਹੀ ਸੀ।
- ਜਿਸ ਰਾਤ ਮੇਰਾ ਜਨਮ ਹੋਇਆ, ਮੈਨੂੰ ਮੇਰੇ ਮਾਪਿਆਂ ਤੋਂ ਦੂਰ ਕਰ ਦਿੱਤਾ ਗਿਆ।
- ਤੁਹਾਡਾ ਬਚਪਨ ਤਲਵਾਰਾਂ, ਰੱਥਾਂ, ਘੋੜਿਆਂ, ਕਮਾਨਾਂ ਅਤੇ ਤੀਰਾਂ ਦੀ ਆਵਾਜ਼ ਸੁਣਦਿਆਂ ਬੀਤਿਆ। ਮੈਨੂੰ ਗਊਆਂ ਦਾ ਸ਼ੈੱਡ ਮਿਲਿਆ, ਗਾਂ ਦਾ ਗੋਹਾ ਮਿਲਿਆ ਅਤੇ ਮੈਨੂੰ ਖੜ੍ਹੇ ਹੋਣ ਅਤੇ ਤੁਰਨ ਤੋਂ ਪਹਿਲਾਂ ਕਈ ਘਾਤਕ ਹਮਲਿਆਂ ਦਾ ਸਾਹਮਣਾ ਕਰਨਾ ਪਿਆ।
- ਕੋਈ ਫੌਜ ਨਹੀਂ, ਕੋਈ ਸਿੱਖਿਆ ਨਹੀਂ। ਮੈਨੂੰ ਲੋਕਾਂ ਦੇ ਤਾਅਨੇ ਹੀ ਮਿਲਦੇ ਹਨ ਕਿ ਮੈਂ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਕਾਰਨ ਹਾਂ। ਜਦੋਂ ਤੁਹਾਡੇ ਗੁਰੂ ਤੁਹਾਡੀ ਬਹਾਦਰੀ ਦੀ ਤਾਰੀਫ਼ ਕਰ ਰਹੇ ਸਨ, ਮੈਂ ਉਸ ਉਮਰ ਵਿੱਚ ਕੋਈ ਸਿੱਖਿਆ ਵੀ ਪ੍ਰਾਪਤ ਨਹੀਂ ਕੀਤੀ ਸੀ। ਜਦੋਂ ਮੈਂ ਸੋਲਾਂ ਸਾਲ ਦਾ ਹੋਇਆ, ਮੈਂ ਰਿਸ਼ੀ ਸੰਦੀਪਨ ਦੇ ਗੁਰੂਕੁਲ ਪਹੁੰਚ ਗਿਆ।
- ਤੁਸੀਂ ਆਪਣੀ ਪਸੰਦ ਦੀ ਕੁੜੀ ਨਾਲ ਵਿਆਹ ਕਰ ਸਕਦੇ ਹੋ।
- ਮੈਨੂੰ ਉਹ ਕੁੜੀ ਨਹੀਂ ਮਿਲੀ ਜਿਸਨੂੰ ਮੈਂ ਪਿਆਰ ਕਰਦਾ ਸੀ ਅਤੇ ਮੈਨੂੰ ਉਹਨਾਂ ਨਾਲ ਵਿਆਹ ਕਰਨਾ ਪਿਆ ਜਿਸਨੂੰ ਮੈਂ ਪਿਆਰ ਕੀਤਾ ਸੀ ਜਾਂ ਜਿਸਨੂੰ ਮੈਂ ਭੂਤਾਂ ਤੋਂ ਬਚਾਇਆ ਸੀ।
- ਮੇਰੇ ਸਾਰੇ ਭਾਈਚਾਰੇ ਨੂੰ ਜਰਾਸੰਧਾ ਤੋਂ ਬਚਾਉਣ ਲਈ ਯਮੁਨਾ ਦੇ ਕੰਢੇ ਤੋਂ ਦੂਰ ਸਮੁੰਦਰ ਦੇ ਕਿਨਾਰੇ ਤੇ ਵਸਾਉਣਾ ਪਿਆ। ਮੈਦਾਨ-ਏ-ਜੰਗ ਤੋਂ ਭੱਜਣ ਕਰਕੇ ਮੈਨੂੰ ਡਰਪੋਕ ਵੀ ਕਿਹਾ ਜਾਂਦਾ ਸੀ।
-
- ਜੇਕਰ ਦੁਰਯੋਧਨ ਯੁੱਧ ਜਿੱਤ ਗਿਆ ਤਾਂ ਤੁਹਾਨੂੰ ਬਹੁਤ ਸਾਰਾ ਸਿਹਰਾ ਮਿਲੇਗਾ।
-
- ਜੇ ਧਰਮਰਾਜ ਜਿੱਤ ਗਿਆ ਤਾਂ ਮੈਨੂੰ ਕੀ ਮਿਲੇਗਾ?
- ਮੈਨੂੰ ਸਿਰਫ ਯੁੱਧ ਅਤੇ ਯੁੱਧ ਦੁਆਰਾ ਪੈਦਾ ਹੋਈਆਂ ਸਮੱਸਿਆਵਾਂ ਲਈ ਦੋਸ਼ੀ ਠਹਿਰਾਇਆ ਜਾਵੇਗਾ।
- ਕਰਨ, ਇੱਕ ਗੱਲ ਯਾਦ ਰੱਖੋ-
- ਜ਼ਿੰਦਗੀ ਹਰ ਕਿਸੇ ਨੂੰ ਚੁਣੌਤੀ ਦਿੰਦੀ ਹੈ, ਜ਼ਿੰਦਗੀ ਕਿਸੇ ਨਾਲ ਇਨਸਾਫ ਨਹੀਂ ਕਰਦੀ। ਦੁਰਯੋਧਨ ਨੇ ਬੇਇਨਸਾਫ਼ੀ ਦਾ ਸਾਹਮਣਾ ਕੀਤਾ ਹੈ ਅਤੇ ਯੁਧਿਸ਼ਠਰ ਨੂੰ ਵੀ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪਿਆ ਹੈ।
- ਪਰ ਤੁਸੀਂ ਜਾਣਦੇ ਹੋ ਕਿ ਸੱਚਾ ਧਰਮ ਕੀ ਹੈ।
- ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿੰਨੀ ਬੇਇੱਜ਼ਤੀ ਹੋਈ ਹੈ, ਜੇ ਸਾਨੂੰ ਉਹ ਨਹੀਂ ਮਿਲਦਾ ਜੋ ਸਾਡਾ ਹੱਕ ਹੈ ... ਕੀ ਮਾਇਨੇ ਰੱਖਦਾ ਹੈ ਕਿ ਤੁਸੀਂ ਉਸ ਸਮੇਂ ਉਸ ਸੰਕਟ ਦਾ ਸਾਹਮਣਾ ਕਿਵੇਂ ਕਰਦੇ ਹੋ।
- ਕਰਨ ਨੂੰ ਰੋਣਾ ਬੰਦ ਕਰੋ, ਜ਼ਿੰਦਗੀ ਇਨਸਾਫ਼ ਨਹੀਂ ਕਰਦੀ, ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਅਧਰਮ ਦੇ ਰਸਤੇ 'ਤੇ ਚੱਲਣ ਦੀ ਇਜਾਜ਼ਤ ਹੈ।